ਸ਼ੁੱਕਰਵਾਰ, 12 ਅਪ੍ਰੈਲ, 2024
30 ਚੇਤ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 312

ਨਵਾਂ ਜ਼ਮਾਨਾ

DAILY NAWAN ZAMANA • FRIDAY, 12 APRIL, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਵੀਅਤਨਾਮ 'ਚ ਮਹਿਲਾ ਕਾਰੋਬਾਰੀ ਨੂੰ ਮੌਤ ਦੀ ਸਜ਼ਾ

ਹਨੋਈ : ਹੋ ਚੀ ਮਿਨਹ ਸਿਟੀ ਦੀ ਅਦਾਲਤ ਨੇ ਵੀਅਤਨਾਮ ਦੇ ਹੁਣ ਤੱਕ ਦੇ ਸਭ ਤੋਂ ਵੱਡੇ ਵਿੱਤੀ ਧੋਖਾਧੜੀ ਮਾਮਲੇ ਵਿਚ ਰੀਅਲ ਅਸਟੇਟ ਕਾਰੋਬਾਰੀ ਟਰੂੰਗ ਮਾਈ ਲੈਨ ਨੂੰ ਮੌਤ ਦੀ ਸਜ਼ਾ ਸੁਣਾਈ। ਰੀਅਲ ਅਸਟੇਟ ਕੰਪਨੀ ਵਾਨ ਥਿੰਹ ਫੈਟ ਦੀ 67 ਸਾਲਾ ਚੇਅਰਵੂਮੈਨ 'ਤੇ 12.5 ਅਰਬ ਡਾਲਰ ਦੀ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਸੀ, ਜੋ ਦੇਸ਼ ਦੇ 2022 ਦੀ ਜੀ ਡੀ ਪੀ ਦਾ ਲੱਗਭੱਗ ਤਿੰਨ ਪ੍ਰਤੀਸ਼ਤ ਹੈ।

ਯੂਕਰੇਨ 'ਚ ਫੌਜ 'ਚ ਭਰਤੀ ਲਾਜ਼ਮੀ

ਕੀਵ : ਯੂਕਰੇਨ ਦੀ ਸੰਸਦ ਨੇ ਫੌਜ 'ਚ ਲਾਜ਼ਮੀ ਭਰਤੀ ਅਤੇ ਵੱਖ-ਵੱਖ ਰੈਂਕਾਂ 'ਚ ਖਾਲੀ ਆਸਾਮੀਆਂ ਨੂੰ ਭਰਨ ਲਈ ਵਿਵਾਦਗ੍ਰਸਤ ਕਾਨੂੰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕਾਨੂੰਨ ਦੇ ਸ਼ੁਰੂਆਤੀ ਖਰੜੇ ਨੂੰ ਰੱਦ ਕਰਨ ਲਈ ਹਜ਼ਾਰਾਂ ਸੋਧਾਂ ਪੇਸ਼ ਕੀਤੀਆਂ ਗਈਆਂ ਸਨ, ਨਤੀਜੇ ਵਜੋਂ ਇਸ 'ਚ ਮਹੀਨਿਆਂ ਦੀ ਦੇਰੀ ਹੋਈ। ਸੰਸਦ ਮੈਂਬਰਾਂ ਨੇ ਵੀ ਲੰਬੇ ਸਮੇਂ ਤੋਂ ਇਸ ਕਾਨੂੰਨ ਪ੍ਰਤੀ ਉਦਾਸੀਨ ਰਵੱਈਆ ਅਪਣਾਇਆ ਹੋਇਆ ਸੀ। ਅੰਦਾਜ਼ਾ ਲਾਇਆ ਜਾ ਰਿਹਾ ਸੀ ਕਿ ਲੋਕ ਇਸ ਕਾਨੂੰਨ ਨੂੰ ਪਸੰਦ ਨਹੀਂ ਕਰਨਗੇ। ਸਾਬਕਾ ਫੌਜੀ ਕਮਾਂਡਰ ਵੈਲੇਰੀ ਜਲੁਜਨੀ ਦੀ ਬੇਨਤੀ 'ਤੇ ਕਾਨੂੰਨ ਦਾ ਖਰੜਾ ਤਿਆਰ ਕੀਤਾ ਗਿਆ ਹੈ, ਜਿਸ ਨੇ ਕਿਹਾ ਸੀ ਕਿ ਫੌਜ ਦੇ ਵੱਖ-ਵੱਖ ਰੈਂਕਾਂ ਨੂੰ ਮਜ਼ਬੂਤ ਕਰਨ ਲਈ 500,000 ਨਵੀਂ ਭਰਤੀ ਦੀ ਲੋੜ ਹੈ।

ਯੂ ਕੇ 'ਚ 12 ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਦੇ ਫੜੇ

ਲੰਡਨ : ਬਰਤਾਨੀਆ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਕੇ ਗੱਦੇ ਅਤੇ ਕੇਕ ਬਣਾਉਣ ਵਾਲੀਆਂ ਫੈਕਟਰੀਆਂ ਵਿਚ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਦੇ ਸ਼ੱਕ ਵਿਚ 12 ਭਾਰਤੀ ਨਾਗਰਿਕਾਂ ਨੂੰ ਫੜਿਆ ਗਿਆ, ਜਿਨ੍ਹਾਂ ਵਿਚ 11 ਪੁਰਸ਼ ਅਤੇ ਇਕ ਔਰਤ ਹੈ। ਚਾਰ ਨੂੰ ਭਾਰਤ ਭੇਜਣ ਲਈ ਹਿਰਾਸਤ 'ਚ ਲਿਆ ਗਿਆ ਹੈ। ਬਾਕੀ 8 ਲੋਕਾਂ ਨੂੰ ਇਸ ਸ਼ਰਤ 'ਤੇ ਜ਼ਮਾਨਤ ਦਿੱਤੀ ਗਈ ਹੈ ਕਿ ਉਹ ਨਿਯਮਿਤ ਤੌਰ 'ਤੇ ਪੁਲਸ ਨੂੰ ਰਿਪੋਰਟ ਕਰਨਗੇ।

ਏ ਡੀ ਬੀ ਨੇ ਭਾਰਤ ਦੀ ਵਿਕਾਸ ਦਰ ਵਧਾ ਕੇ 7 ਫੀਸਦੀ ਕੀਤੀ

ਨਵੀਂ ਦਿੱਲੀ : ਏਸ਼ੀਆਈ ਵਿਕਾਸ ਬੈਂਕ (ਏ ਡੀ ਬੀ) ਨੇ ਵੀਰਵਾਰ ਚਾਲੂ ਵਿੱਤੀ ਸਾਲ 2024-25 ਲਈ ਭਾਰਤ ਲਈ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਵਿਕਾਸ ਦਰ ਦੇ ਅਨੁਮਾਨ ਨੂੰ ਵਧਾ ਕੇ 7 ਫੀਸਦੀ ਕਰ ਦਿੱਤਾ। ਇਸ ਤੋਂ ਪਹਿਲਾਂ ਇਸ ਨੇ ਵਿਕਾਸ ਦਰ 6.7 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਸੀ। ਬੈਂਕ ਅਨੁਸਾਰ ਜਨਤਕ ਅਤੇ ਨਿੱਜੀ ਖੇਤਰ ਦੇ ਨਿਵੇਸ਼ ਅਤੇ ਖਪਤਕਾਰਾਂ ਦੀ ਮੰਗ ਮਜ਼ਬੂਤ ਵਿਕਾਸ ਲਈ ਰਾਹ ਪੱਧਰਾ ਕਰੇਗੀ। ਵਿੱਤੀ ਸਾਲ 2024-25 ਲਈ ਵਿਕਾਸ ਅਨੁਮਾਨ ਵਿੱਤੀ ਸਾਲ 2022-23 ਦੇ ਅਨੁਮਾਨਤ 7.6 ਫੀਸਦ ਤੋਂ ਘੱਟ ਹੈ।

ਡਾ. ਮੱਖਣ ਸਿੰਘ ਸੰਗਰੂਰ ਤੋਂ ਬਸਪਾ ਉਮੀਦਵਾਰ

ਜਲੰਧਰ : ਬਹੁਜਨ ਸਮਾਜ ਪਾਰਟੀ ਨੇ ਲੋਕ ਸਭਾ ਹਲਕਾ ਸੰਗਰੂਰ ਤੋਂ ਡਾ. ਮੱਖਣ ਸਿੰਘ ਨੂੰ ਉਮੀਦਵਾਰ ਐਲਾਨਿਆ ਹੈ। ਕੇਂਦਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਨੇ ਕਿਹਾ ਕਿ ਜਲਦ ਹੀ ਪੰਜਾਬ ਦੀਆਂ ਬਾਕੀ ਸੀਟਾਂ 'ਤੇ ਉਮੀਦਵਾਰ ਐਲਾਨ ਦਿੱਤੇ ਜਾਣਗੇ। ਡਾ. ਮੱਖਣ ਸਿੰਘ ਬਾਮਸੇਫ ਦੇ ਵਰਕਰ ਦੇ ਤੌਰ 'ਤੇ ਪਾਰਟੀ ਸਫਾਂ ਨਾਲ ਜੁੜੇ ਰਹੇ ਅਤੇ ਬਸਪਾ ਦੇ ਮੌਜੂਦਾ ਜਨਰਲ ਸਕੱਤਰ ਵੀ ਹਨ। ਡਾ. ਮੱਖਣ ਸਿੰਘ ਸਿਹਤ ਵਿਭਾਗ ਵਿੱਚੋਂ ਬਤੌਰ ਡਿਪਟੀ ਡਾਇਰੈਕਟਰ ਸੇਵਾਮੁਕਤ ਹੋਏ ਹਨ।

ਕਿਸਾਨਾਂ ਲਈ ਹੈਲਪਲਾਈਨ ਨੰਬਰ

ਮੁਹਾਲੀ : ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਨੇ ਕਣਕ ਦੀ ਫਸਲ ਨੂੰ ਅੱਗ ਲੱਗਣ ਤੋਂ ਰੋਕਣ ਲਈ ਕੰਟਰੋਲ ਰੂਮ ਸਥਾਪਤ ਕੀਤਾ ਹੈ। ਹੈਲਪਲਾਈਨ ਵਟਸਐਪ ਨੰਬਰ 9646106836 'ਤੇ ਖੇਤਾਂ 'ਚ ਢਿੱਲੀਆਂ, ਖਤਰਨਾਕ ਲਟਕਦੀਆਂ ਤਾਰਾਂ ਅਤੇ ਸਪਾਰਕਿੰਗ ਦੀ ਰਿਪੋਰਟ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਕਿਸਾਨ ਅਜਿਹੀਆਂ ਘਟਨਾਵਾਂ ਦੀ ਸੂਚਨਾ ਕੰਟਰੋਲ ਰੂਮ ਦੇ ਨੰਬਰ 9646106835 ਅਤੇ 1912 'ਤੇ ਵੀ ਦੇ ਸਕਦੇ ਹਨ।

17 ਸ਼ਰਧਾਲੂਆਂ ਦੀ ਮੌਤ

ਕਰਾਚੀ : ਪਾਕਿਸਤਾਨ ਦੇ ਸਿੰਧ ਅਤੇ ਬਲੋਚਿਸਤਾਨ ਸੂਬਿਆਂ ਵਿਚਾਲੇ ਸਰਹੱਦੀ ਸ਼ਹਿਰ ਨੇੜੇ ਸ਼ਰਧਾਲੂਆਂ ਨਾਲ ਭਰੀ ਬੱਸ ਡੂੰਘੀ ਖੱਡ ਵਿਚ ਡਿੱਗਣ ਕਾਰਨ 17 ਵਿਅਕਤੀਆਂ ਦੀ ਮੌਤ ਹੋ ਗਈ ਅਤੇ 38 ਜ਼ਖਮੀ ਹੋ ਗਏ। ਸ਼ਰਧਾਲੂ ਬਲੋਚਿਸਤਾਨ ਦੇ ਖੁਜਦਾਰ ਜ਼ਿਲ੍ਹੇ 'ਚ ਦੂਰ-ਦੁਰਾਡੇ ਸਥਿਤ ਮੁਸਲਮ ਸੂਫੀ ਦਰਗਾਹ ਸ਼ਾਹ ਨੂਰਾਨੀ 'ਤੇ ਜਾ ਰਹੇ ਸਨ।

ਬੇਰੁਜ਼ਗਾਰੀ ਤੇ ਮਹਿੰਗਾਈ ਵੱਡੇ ਚੋਣ ਮੁੱਦੇ



ਨਵੀਂ ਦਿੱਲੀ : ਲੋਕ ਸਭਾ ਚੋਣਾਂ ਦੇ ਮੌਕੇ ਨਾਮੀ ਸੰਸਥਾ ਸੀ ਐੱਸ ਡੀ ਐੱਸ-ਲੋਕਨੀਤੀ ਵੱਲੋਂ ਕੀਤੇ ਗਏ ਸਰਵੇ ਵਿਚ ਇਹ ਸਾਹਮਣੇ ਆਇਆ ਹੈ ਕਿ ਕਰੀਬ ਅੱਧੇ ਵੋਟਰ ਮਹਿੰਗਾਈ ਵਧਣ ਤੇ ਨੌਕਰੀਆਂ ਨਾ ਮਿਲਣ ਤੋਂ ਚਿੰਤਤ ਹਨ। ਸਰਵੇ 19 ਰਾਜਾਂ ਦੇ 10019 ਵੋਟਰਾਂ ਦੇ ਹੁੰਗਾਰੇ 'ਤੇ ਅਧਾਰਤ ਹੈ।

ਚੋਣਾਂ 7 ਗੇੜਾਂ ਵਿਚ ਹੋ ਰਹੀਆਂ ਹਨ। ਪਹਿਲੇ ਗੇੜ ਦੀ ਪੋਲਿੰਗ 19 ਅਪ੍ਰੈਲ ਤੇ ਆਖਰੀ ਗੇੜ ਦੀ ਪੋਲਿੰਗ ਪਹਿਲੀ ਜੂਨ ਨੂੰ ਹੋਣੀ ਹੈ ਅਤੇ ਨਤੀਜੇ 4 ਜੂਨ ਨੂੰ ਨਿਕਲਣਗੇ, ਜਦਕਿ ਭਾਜਪਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਤੀਜੀ ਜਿੱਤ ਦਰਜ ਕਰਨ ਲਈ ਟਿੱਲ ਲਾ ਰਹੀ ਹੈ, ਆਪੋਜ਼ੀਸ਼ਨ ਪਾਰਟੀਆਂ ਦਾ ਗੱਠਜੋੜ 'ਇੰਡੀਆ' ਭਾਜਪਾ ਨੂੰ ਹਰਾਉਣ ਲਈ ਡਟਿਆ ਹੋਇਆ ਹੈ।

ਸਰਵੇ ਦੌਰਾਨ 62 ਫੀਸਦੀ ਵੋਟਰਾਂ ਨੇ ਕਿਹਾ ਕਿ ਨੌਕਰੀ ਹਾਸਲ ਕਰਨਾ ਹੋਰ ਮੁਸ਼ਕਲ ਹੋ ਗਿਆ ਹੈ। ਸਿਰਫ 12 ਫੀਸਦੀ ਨੇ ਕਿਹਾ ਕਿ ਨੌਕਰੀਆਂ ਮਿਲਣੀਆਂ ਆਸਾਨ ਹੋ ਗਈਆਂ ਹਨ। 67 ਫੀਸਦੀ ਮੁਸਲਮਾਨਾਂ ਦਾ ਕਹਿਣਾ ਹੈ ਕਿ ਨੌਕਰੀਆਂ ਮਿਲਣੀਆਂ ਔਖੀਆਂ ਹਨ, ਜਦਕਿ ਹੋਰਨਾਂ ਪੱਛੜੀਆਂ ਜਾਤਾਂ ਦੇ 63 ਫੀਸਦੀ ਹਿੰਦੂਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ 59 ਫੀਸਦੀ ਵੋਟਰਾਂ ਦੀ ਵੀ ਇਹੀ ਰਾਇ ਹੈ। ਉਤਲੀਆਂ ਜਾਤਾਂ ਦੇ 57 ਫੀਸਦੀ ਵੋਟਰਾਂ ਨੇ ਵੀ ਕਿਹਾ ਕਿ ਨੌਕਰੀਆਂ ਨਹੀਂ ਮਿਲ ਰਹੀਆਂ, ਜਦਕਿ 17 ਫੀਸਦੀ ਨੇ ਕਿਹਾ ਕਿ ਨੌਕਰੀਆਂ ਆਸਾਨੀ ਨਾਲ ਮਿਲ ਰਹੀਆਂ ਹਨ। 71 ਫੀਸਦੀ ਵੋਟਰਾਂ ਨੇ ਕਿਹਾ ਕਿ ਮਹਿੰਗਾਈ ਨੇ ਲੱਕ ਤੋੜ ਦਿੱਤਾ ਹੈ। 76 ਫੀਸਦੀ ਗਰੀਬਾਂ ਅਤੇ ਏਨੇ ਹੀ ਮੁਸਲਮਾਨਾਂ ਮੁਤਾਬਕ ਮਹਿੰਗਾਈ ਕਾਰਨ ਬੁਰਾ ਹਾਲ ਹੈ।

ਜ਼ਿੰਦਗੀ ਦੀ ਕੁਆਲਿਟੀ ਬਾਰੇ ਲਗਭਗ 48 ਫੀਸਦੀ ਨੇ ਕਿਹਾ ਕਿ ਬਿਹਤਰ ਹੋਈ ਹੈ, ਜਦਕਿ 35 ਫੀਸਦੀ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਵਿਗੜੀ ਹੈ। ਸਿਰਫ 22 ਫੀਸਦੀ ਵੋਟਰਾਂ ਨੇ ਕਿਹਾ ਕਿ ਉਹ ਪੈਸੇ ਬਚਾ ਲੈਂਦੇ ਹਨ, ਜਦਕਿ 36 ਫੀਸਦੀ ਨੇ ਕਿਹਾ ਕਿ ਉਹ ਲੋੜਾਂ ਪੂਰੀਆਂ ਕਰ ਲੈਂਦੇ ਹਨ, ਪਰ ਪੈਸੇ ਨਹੀਂ ਬਚਾ ਪਾਉਂਦੇ।

55 ਫੀਸਦੀ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਦੇਸ਼ ਵਿਚ ਕੁਰੱਪਸ਼ਨ ਵਧੀ ਹੈ। 25 ਫੀਸਦੀ ਨੇ ਇਸ ਲਈ ਕੇਂਦਰ ਸਰਕਾਰ ਤੇ 16 ਫੀਸਦੀ ਨੇ ਰਾਜ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਮਲੂਕਾ ਦੇ ਨੂੰਹ-ਪੁੱਤ ਭਾਜਪਾ 'ਚ

ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਆਈ ਏ ਐੱਸ ਅਧਿਕਾਰੀ ਨੂੰਹ ਪਰਮਪਾਲ ਕੌਰ ਸਿੱਧੂ ਤੇ ਮਲੂਕਾ ਦਾ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਵੀਰਵਾਰ ਭਾਜਪਾ 'ਚ ਸ਼ਾਮਲ ਹੋ ਗਏ। ਪਰਮਪਾਲ ਕੌਰ ਸਿੱਧੂ ਦੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵਿਰੁੱਧ ਚੋਣ ਲੜਨ ਦੀ ਸੰਭਾਵਨਾ ਹੈ। ਭਾਜਪਾ 'ਚ ਸ਼ਮੂਲੀਅਤ ਕਰਾਉਣ ਵੇਲੇ ਕੇਂਦਰੀ ਮੰਤਰੀ ਹਰਦੀਪ ਪੁਰੀ ਹਾਜ਼ਰ ਸਨ।

ਗੁਰਪ੍ਰੀਤ ਸਿੰਘ ਮਲੂਕਾ ਅਕਾਲੀ ਦਲ ਤੋਂ ਕਾਫੀ ਨਾਰਾਜ਼ ਸਨ ਕਿਉਂਕਿ ਅਕਾਲੀ ਦਲ ਨੇ ਉਨ੍ਹਾ ਨੂੰ 2022 ਦੀਆਂ ਅਸੰਬਲੀ ਚੋਣਾਂ ਦੌਰਾਨ ਰਾਮਪੁਰਾ ਫੂਲ ਤੋਂ ਟਿਕਟ ਨਹੀਂ ਦਿੱਤੀ ਸੀ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਵੀ ਅਕਾਲੀ ਦਲ ਤੋਂ ਕਾਫੀ ਨਾਰਾਜ਼ ਸਨ। ਪਹਿਲਾਂ ਉਨ੍ਹਾ ਨੂੰ ਅਕਾਲੀ ਦਲ ਵੱਲੋਂ ਹਲਕਾ ਮੌੜ ਦਾ ਇੰਚਾਰਜ ਲਾਇਆ ਗਿਆ ਸੀ। ਇਸ ਕਾਰਨ ਉਨ੍ਹਾ ਮੌੜ 'ਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ, ਪਰ ਚੋਣਾਂ ਸਮੇਂ ਉਨ੍ਹਾ ਨੂੰ ਰਾਮਪੁਰਾ ਤੋਂ ਹੀ ਟਿਕਟ ਦਿੱਤੀ ਗਈ ਸੀ ਜਦੋਂ ਕਿ ਉਹ ਆਪਣੇ ਲਈ ਮੌੜ ਤੋਂ ਅਤੇ ਆਪਣੇ ਪੁੱਤਰ ਗੁਰਪ੍ਰੀਤ ਮਲੂਕਾ ਲਈ ਰਾਮਪੁਰਾ ਫੂਲ ਤੋਂ ਟਿਕਟ ਮੰਗ ਰਹੇ ਸਨ, ਪਰ ਅਕਾਲੀ ਦਲ ਨੇ ਉਨ੍ਹਾ ਦੇ ਪੁੱਤਰ ਨੂੰ ਟਿਕਟ ਨਹੀਂ ਦਿੱਤੀ। ਇਸੇ ਦੌਰਾਨ ਸੁੱਖ ਮੰਤਰੀ ਭਗਵੰਤ ਮਾਨ ਨੇ ਪਰਮਪਾਲ ਕੌਰ ਨੂੰ ਚਿਤਾਵਨੀ-ਭਰੀ ਸਲਾਹ ਦਿੰਦਿਆਂ ਕਿਹਾ ਹੈ-ਪਰਮਪਾਲ ਕੌਰ ਜੀ ਤੁਹਾਡਾ ਆਈ ਏ ਐੱਸ ਅਫਸਰ ਦੇ ਤੌਰ 'ਤੇ ਅਸਤੀਫਾ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਨਹੀਂ ਕੀਤਾ ਗਿਆ ਹੈ... ਬੀਬੀ ਜੀ ਜਿੰਨੀ ਕਾਹਲੀ ਆਈ ਏ ਐੱਸ ਬਣਨ ਦੀ ਸੀ...ਛੱਡਣ ਵਾਸਤੇ ਕੋਈ ਤੌਰ ਤਰੀਕੇ ਨੇ... ਕਿਰਪਾ ਕਰਕੇ ਅਸਤੀਫਾ ਦੇਣ ਦੇ ਤਰੀਕੇ ਸਮਝੋ... ਨਹੀਂ ਤਾਂ ਸਾਰੀ ਉਮਰ ਦੀ ਕਮਾਈ ਖਤਰੇ 'ਚ ਪੈ ਸਕਦੀ ਹੈ। ਉਧਰ ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਕਿਹਾ ਹੈ ਕਿ ਪਰਮਪਾਲ ਕੌਰ ਦਾ ਅਸਤੀਫਾ ਬੁੱਧਵਾਰ ਮਨਜ਼ੂਰ ਹੋ ਗਿਆ ਸੀ।

ਮੁਕਾਬਲਾ ਅਰਬਪਤੀਆਂ ਤੇ ਗਰੀਬਾਂ ਵਿਚਾਲੇ : ਰਾਹੁਲ

ਜੈਪੁਰ : ਰਾਹੁਲ ਗਾਂਧੀ ਨੇ ਵੀਰਵਾਰ ਕਿਹਾ ਕਿ ਕਿਸਾਨ ਐੱਮ ਐੱਸ ਪੀ ਮੰਗ ਕਰ ਰਹੇ ਹਨ, ਨੌਜਵਾਨ ਰੁਜ਼ਗਾਰ ਮੰਗ ਕਰ ਰਹੇ ਹਨ, ਔਰਤਾਂ ਮਹਿੰਗਾਈ ਤੋਂ ਰਾਹਤ ਚਾਹੁੰਦੀਆਂ ਹਨ, ਪਰ ਕੋਈ ਨਹੀਂ ਸੁਣ ਰਿਹਾ। ਉਨ੍ਹਾ ਕਿਹਾ ਕਿ ਇਹ ਚੋਣਾਂ 22-25 ਅਰਬਪਤੀਆਂ ਅਤੇ ਪਛੜੇ ਲੋਕਾਂ, ਦਲਿਤਾਂ, ਆਦਿਵਾਸੀਆਂ ਤੇ ਜਨਰਲ ਵਰਗ ਦੇ ਗਰੀਬ ਲੋਕਾਂ ਵਿਚਾਲੇ ਲੜਾਈ ਹੈ। ਰਾਹੁਲ ਨੇ ਵਾਅਦਾ ਕੀਤਾ ਕਿ ਕਾਂਗਰਸ ਸੱਤਾ ਵਿਚ ਆਉਣ 'ਤੇ ਹਰ ਗਰੀਬ ਪਰਵਾਰ ਦੀ ਇੱਕ ਔਰਤ ਦੇ ਬੈਂਕ ਖਾਤੇ 'ਚ ਹਰ ਸਾਲ 1 ਲੱਖ ਰੁਪਏ ਟਰਾਂਸਫਰ ਕਰੇਗੀ। ਬੀਕਾਨੇਰ ਤੋਂ ਕਾਂਗਰਸੀ ਉਮੀਦਵਾਰ ਗੋਵਿੰਦ ਰਾਮ ਮੇਘਵਾਲ ਅਤੇ ਗੰਗਾਨਗਰ ਤੋਂ ਕੁਲਦੀਪ ਇੰਦੌਰਾ ਦੇ ਸਮਰਥਨ 'ਚ ਰੈਲੀਆਂ 'ਚ ਰਾਹੁਲ ਨੇ ਕਿਹਾ ਕਿ ਦੇਸ਼ 'ਚ ਇਸ ਸਮੇਂ ਦੋ ਸਭ ਤੋਂ ਵੱਡੇ ਮੁੱਦੇ ਬੇਰੁਜ਼ਗਾਰੀ ਅਤੇ ਮਹਿੰਗਾਈ ਹਨ, ਪਰ ਮੀਡੀਆ ਇਨ੍ਹਾਂ ਨੂੰ ਨਹੀਂ ਉਠਾ ਰਿਹਾ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 15-20 ਉਦਯੋਗਪਤੀਆਂ ਦੇ ਕਰਜ਼ੇ ਮੁਆਫ ਕੀਤੇ ਹਨ। ਇਹ ਪੈਸਾ 24 ਸਾਲ ਮਨਰੇਗਾ ਦੀ ਮਜ਼ਦੂਰੀ ਦੇਣ ਲਈ ਵਰਤਿਆ ਜਾ ਸਕਦਾ ਸੀ। ਉਨ੍ਹਾ ਇਹ ਵੀ ਕਿਹਾ ਕਿ ਭਾਰਤ ਦੇ ਇਤਿਹਾਸ 'ਚ ਕਿਸਾਨ ਪਹਿਲੀ ਵਾਰ ਟੈਕਸ ਅਦਾ ਕਰ ਰਹੇ ਹਨ।

ਸਪਾਈਵੇਅਰ ਹਮਲੇ ਦਾ ਖਤਰਾ

ਨਵੀਂ ਦਿੱਲੀ : ਐਪਲ ਨੇ ਸਪਾਈਵੇਅਰ ਹਮਲੇ ਬਾਰੇ ਭਾਰਤ ਸਮੇਤ 92 ਦੇਸ਼ਾਂ ਦੇ ਉਪਭੋਗਤਾਵਾਂ ਨੂੰ ਚਿਤਾਵਨੀ ਜਾਰੀ ਕੀਤੀ ਹੈ। ਐਪਲ ਦਾ ਕਹਿਣਾ ਹੈ ਕਿ ਯੂਜ਼ਰਜ਼ ਸਪਾਈਵੇਅਰ ਹਮਲੇ ਦਾ ਸ਼ਿਕਾਰ ਹੋ ਸਕਦੇ ਹਨ, ਜੋ ਯੂਜ਼ਰਜ਼ ਦੀ ਪ੍ਰਾਈਵੇਸੀ ਲਈ ਖਤਰਾ ਹੋ ਸਕਦਾ ਹੈ। ਇਹ ਸਪਾਈਵੇਅਰ ਚੁਣੇ ਹੋਏ ਉਪਭੋਗਤਾਵਾਂ ਨੂੰ ਨਿਸ਼ਾਨਾ ਬਣਾ ਕੇ ਵਰਤਿਆ ਜਾ ਰਿਹਾ ਹੈ। ਕੰਪਨੀ ਨੇ ਇਸ ਖਤਰੇ ਦੀ ਜਾਣਕਾਰੀ ਯੂਜ਼ਰਜ਼ ਨੂੰ ਈਮੇਲ ਰਾਹੀਂ ਦਿੱਤੀ ਹੈ। ਐਪਲ ਨੇ ਕਿਹਾ ਹੈ ਕਿ ਇਹ ਜਾਸੂਸੀ ਹਮਲਾ ਆਈਫੋਨ ਯੂਜ਼ਰਜ਼ ਲਈ ਖਤਰਾ ਸਾਬਤ ਹੋ ਸਕਦਾ ਹੈ। ਸਪਾਈਵੇਅਰ ਹਮਲਾ ਨਿਯਮਤ ਸਾਈਬਰ ਅਪਰਾਧਿਕ ਗਤੀਵਿਧੀ ਅਤੇ ਹੋਰ ਮਾਲਵੇਅਰ ਹਮਲਿਆਂ ਨਾਲੋਂ ਬਹੁਤ ਜ਼ਿਆਦਾ ਉੱਨਤ ਹੈ, ਜੋ ਪਹਿਲਾਂ ਨਹੀਂ ਦੇਖਿਆ ਗਿਆ। ਆਈਫੋਨ ਬਣਾਉਣ ਵਾਲੀ ਕੰਪਨੀ ਨੇ 2021 ਤੋਂ ਕਈ ਵਾਰ ਅਜਿਹੇ ਹਮਲਿਆਂ ਨੂੰ ਲੈ ਕੇ ਚਿਤਾਵਨੀ ਦਿੱਤੀ ਹੈ। ਐਪਲ ਹੁਣ ਤੱਕ 150 ਤੋਂ ਵੱਧ ਦੇਸ਼ਾਂ ਦੇ ਉਪਭੋਗਤਾਵਾਂ ਨੂੰ ਇਸ ਤਰ੍ਹਾਂ ਦੀ ਚਿਤਾਵਨੀ ਜਾਰੀ ਕਰ ਚੁੱਕਾ ਹੈ।

ਇਮਰਾਨ ਨੂੰ ਪਾਕਿਸਤਾਨ ਫਿਰ ਵੰਡੇ ਜਾਣ ਦਾ ਅੰਦੇਸ਼ਾ

ਇਸਲਾਮਾਬਾਦ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਜੇਲ੍ਹ ਤੋਂ ਲੋਕਾਂ ਅਤੇ ਸਰਕਾਰ ਨੂੰ ਸੰਦੇਸ਼ ਜਾਰੀ ਕਰਕੇ ਕਿਹਾ ਹੈ ਕਿ ਪਾਕਿਸਤਾਨ ਦੀ ਸਥਿਤੀ ਨੂੰ ਦੇਖਦੇ ਹੋਏ ਲੱਗਦਾ ਹੈ ਕਿ ਬੰਗਲਾਦੇਸ਼ ਵਾਲੀ ਘਟਨਾ ਦੁਬਾਰਾ ਵਾਪਰ ਸਕਦੀ ਹੈ। ਹਾਲ ਹੀ ਦੇ ਸਿਆਸੀ ਘਟਨਾਕ੍ਰਮ ਅਤੇ 1971 ਦੇ ਢਾਕਾ ਦੁਖਾਂਤ ਦੀਆਂ ਹਾਲਤਾਂ 'ਚ ਸਮਾਨਤਾਵਾਂ ਹਨ ਅਤੇ ਦੇਸ਼ ਨੂੰ ਨਕਦੀ ਦੀ

12-APRIL-PAGE-1.qxd 4/11/2024 10:28 PM Page 2

ਐੱਮ ਏ ਐੱਮ 'ਚ ਮਨਾਇਆ ਗਰੀਨ ਸਵੱਛ ਭਾਰਤ ਦਿਵਸ

ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਮੈਕਸ ਆਰਥਰ ਪਬਲਿਕ ਸਕੂਲ ਵਿੱਚ ਹਰਿਆਲੀ ਦਿਵਸ ਮਿਸ਼ਨ ਦੇ ਤਹਿਤ 'ਰੁੱਖ ਲਗਾਓ ਮੁਹਿੰਮ' ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸਕੂਲ ਵਿੱਚ ਨਰਸਰੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਬੱਚਿਆਂ ਦੁਆਰਾ ਪੌਦੇ ਲਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਨਿੰਮ, ਕਿੱਕਰ, ਅੰਬ, ਪਿੱਪਲ ਆਦਿ ਦੇ ਪੌਦੇ ਬੜੇ ਹੀ ਉਤਸ਼ਾਹ ਨਾਲ ਆਪਣੇ ਹੱਥੀਂ ਲਾਏ। ਇਸ ਦਿਵਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਮੋਨਿਕਾ ਤੇ ਮੈਨੇਜਮੈਂਟ ਕਮੇਟੀ ਦੇ ਮੈਂਬਰ ਰਮਨਦੀਪ ਸਿੰਘ ਨੇ ਵੀ ਆਪਣੇ ਹੱਥੀਂ ਪੌਦੇ ਲਗਾਉਣ ਦਾ ਉੱਦਮ ਕੀਤਾ।ਇਸ ਸੰਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਪ੍ਰਿੰਸੀਪਲ ਡਾ. ਮੋਨਿਕਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੁ ਧਰਤੀ 'ਤੇ ਲਗਾਤਾਰ ਹੋ ਰਹੀ ਗਲੋਬਲ ਵਾਰਮਿੰਗ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ।

ਪ੍ਰਾਇਮਰੀ ਸਕੂਲ ਜਨੇਰ ਦੇ ਪੰਜਵੀਂ ਜਮਾਤ ਦੇ ਬੱਚੇ ਸਨਮਾਨਤ

ਕੋਟ ਈਸੇ ਖਾਂ (ਅਰੋੜਾ)-ਸਿੱਖਿਆ ਵਿਭਾਗ ਵੱਲੋਂ ਪੰਜਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਜਨੇਰ ਦੇ ਬੱਚਿਆਂ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਮੌਕੇ ਸਕੂਲ ਮੁਖੀ ਮੈਡਮ ਕਰਮਜੀਤ ਕੌਰ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਜਸਪ੍ਰੀਤ ਕੌਰ 468/500 ਅੰਕ ਪ੍ਰਾਪਤ ਕਰਕੇ ਸਕੂਲ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ, ਰਿੰਕੂ ਨੇ 458 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਨਵਜੋਤ ਤੇ ਲਵਜੋਤ ਨੇ 449 ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ, ਜਿਸ ਤਹਿਤ ਪਿੰਡ ਦੇ ਸਰਪੰਚ ਪਰਮਿੰਦਰ ਸਿੰਘ ਤੇ ਸਕੂਲ ਸਟਾਫ਼ ਵੱਲੋਂ ਚਾਰਾਂ ਬੱਚਿਆਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਸੈਂਟਰ ਹੈੱਡ ਟੀਚਰ ਕੁਲਵਿੰਦਰ ਸਿੰਘ ਨੇ ਸਕੂਲ ਮੁਖੀ ਮੈਡਮ ਕਰਮਜੀਤ ਕੌਰ ਤੇ ਪੰਜਵੀਂ ਜਮਾਤ ਦੇ ਇੰਚਾਰਜ ਅਧਿਆਪਕ ਮੈਡਮ ਪਰਮਿੰਦਰ ਕੌਰ ਨੂੰ ਵਧਾਈ ਦਿੱਤੀ, ਜਿਨ੍ਹਾਂ ਦੀ ਮਿਹਨਤ ਸਦਕਾ ਬੱਚਿਆਂ ਨੇ ਏਨੇ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਸਕੂਲ ਵੱਲੋਂ ਸੈਂਟਰ ਮੁਖੀ ਕੁਲਵਿੰਦਰ ਸਿੰਘ ਤੇ ਜਨੇਰ ਪਿੰਡ ਦੇ ਸਰਪੰਚ ਪਰਮਿੰਦਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ।ਇਸ ਮੌਕੇ ਮੈਡਮ ਅਮਰਜੀਤ ਕੌਰ, ਵਰਿੰਦਰ ਕੌਰ, ਜਗਸੀਰ ਕੌਰ, ਰਾਣੀ ਤੇ ਪਿੰਡ ਦੇ ਪਤਵੰਤੇ ਹਾਜ਼ਰ ਸਨ।

ਕਾਲਜ ਦੇ ਵਿਦਿਆਰਥੀਆਂ ਨੇ ਕੱਢੀ ਸਾਈਕਲ ਰੈਲੀ

ਚੀਮਾ ਮੰਡੀ (ਰਵਿੰਦਰ ਚੀਮਾ)-ਸਵੀਪ ਗਤੀਵਿਧੀਆਂ ਅਧੀਨ ਨੋਡਲ ਅਫ਼ਸਰ ਸੰਗਰੂਰ ਦੀ ਰਹਿਨੁਮਾਈ ਹੇਠ ਮਾਡਰਨ ਕਾਲਜ ਦੇ ਵਿਦਿਆਰਥੀਆਂ ਨੇ ਸਾਈਕਲ ਰੈਲੀ ਕੱਢੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਸੰਬੰਧੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਦਿਆਰਥੀ ਨੂੰ ਵੋਟ ਜਿਸ ਦੀ ਉਮਰ 18 ਸਾਲ ਪੂਰੀ ਹੈ, ਬਣਵਾ ਲੈਣੀ ਚਾਹੀਦੀ ਹੈ ਅਤੇ ਜਿਨ੍ਹਾਂ ਨੇ ਵੋਟਾਂ ਬਣੀਆਂ ਹੋਈਆਂ ਹਨ, ਉਨ੍ਹਾਂ ਨੂੰ ਵੋਟ ਹਰ ਹਾਲਤ ਦੇ ਵਿੱਚ ਪਾਉਣੀ ਚਾਹੀਦੀ ਹੈ। ਇਸ ਤੋਂ ਬਾਅਦ ਕਾਲਜ ਦੇ ਵਿਦਿਆਰਥੀਆਂ ਨੇ ਸਾਈਕਲ ਰੈਲੀ ਕੱਢੀ ਤੇ ਲੋਕਾਂ ਨੂੰ ਵੋਟ ਬਣਵਾਉਣ ਅਤੇ ਵੋਟ ਪਾਉਣ ਲਈ ਜਾਗਰੂਕ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਵੀ.ਕੇ.ਰਾਏ, ਡਾਕਟਰ ਰਵਿੰਦਰ ਬਾਂਸਲ ਚੇਅਰਮੈਨ ਮਾਡਰਨ ਕਾਲਜ ਬੀਰ ਕਲਾਂ, ਡਾਕਟਰ ਨਵਜੋਤ ਕੌਰ, ਕਰਮਜੀਤ ਕੌਰ, ਰਜਿੰਦਰ ਕੌਰ, ਸਮੀਨਾ ਰਾਣੀ ਸੁਮਨਦੀਪ ਕੌਰ, ਗਗਨਦੀਪ ਕੌਰ, ਸੁਖਵਿੰਦਰ ਕੌਰ ਤੇ ਹਰਦੀਪ ਕੌਰ ਸਟਾਫ਼ ਹਾਜ਼ਰ ਸੀ।

ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਨਾਮ ਅਭਿਆਸ ਕਮਾਈ ਸਮਾਗਮ

ਸੰਗਰੂਰ (ਪ੍ਰਵੀਨ ਸਿੰਘ)-ਨੂਰਪੁਰਾ ਮੁਹੱਲਾ ਤੇ ਗੁਰਦੁਆਰਾ ਸਾਹਿਬ ਹਰਗੋਬਿੰਦ ਪੁਰਾ ਸੰਗਤ ਵੱਲੋਂ 325ਵੇਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਨਾਮ ਅਭਿਆਸ ਕਮਾਈ ਗੁਰਮਤਿ ਸਮਾਗਮ ਹਰਪ੍ਰੀਤ ਸਿੰਘ ਪ੍ਰੀਤ, ਅਮਰਿੰਦਰ ਸਿੰਘ ਮੌਖਾ, ਰੁਲਦੀਪ ਸਿੰਘ ਖੁਰਮੀ, ਸੁਰਿੰਦਰ ਪਾਲ ਸਿੰਘ ਸਿਦਕੀ ਤੇ ਬੀਬੀ ਬਲਵੰਤ ਕੌਰ ਪ੍ਰਧਾਨ ਇਸਤਰੀ ਸਤਿਸੰਗ ਸਭਾ ਦੀ ਦੇਖ ਰੇਖ ਹੇਠ ਕਰਾਇਆ ਗਿਆ।ਇਸ ਮੌਕੇ ਭਾਈ ਮਨਦੀਪ ਸਿੰਘ ਮੁਰੀਦ, ਭਾਈ ਗੁਰਧਿਆਨ ਸਿੰਘ ਦੇ ਜਥੇ ਵੱਲੋਂ ਝਿੰਮ ਝਿੰਮ ਵਰਸੇ ਅੰਮ੍ਰਿਤਧਾਰਾ ਤੇ ਸੋ ਅੰਮ੍ਰਿਤ ਗੁਰ ਤੇ ਪਾਇਆ ਦੇ ਸ਼ਬਦਾਂ ਦਾ ਰਸਭਿੰਨਾ ਕੀਰਤਨ ਕੀਤਾ ਤੇ ਵਾਹਿਗੁਰੂ, ਨਾਮ ਸਿਮਰਨ ਦਾ ਜਾਪ ਕਰਾਉਂਦੇ ਹੋਏ ਸੰਗਤਾਂ ਵਿੱਚ ਆਤਮ ਰਸ ਦਾ ਸੰਚਾਰ ਕਰ ਦਿੱਤਾ।ਭਾਈ ਸਾਹਿਬ ਨੇ ਕਥਾ ਵਿਚਾਰ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਜਾਏ ਪੰਜ ਪਿਆਰਿਆਂ ਦੇ ਪ੍ਰਸੰਗ ਨੂੰ ਬਿਆਨ ਕੀਤਾ ਤੇ ਸੰਗਤਾਂ ਨੂੰ ਗੁਰਮਤਿ ਸਿਧਾਂਤਾਂ ਅਤੇ ਗੁਰੂ ਸਾਹਿਬ ਵੱਲੋਂ ਦਰਸਾਈ ਰਹਿਣੀ ਨੂੰ ਅਪਨਾਉਣ ਦੀ ਪ੍ਰੇਰਣਾ ਕੀਤੀ।ਇਸ ਤੋਂ ਪਹਿਲਾਂ ਸੋਦਰਿ ਰਹਿਰਾਸ ਸਾਹਿਬ ਤੋਂ ਬਾਅਦ ਬੀਬਾ ਸਰਬਜੀਤ ਕੌਰ, ਕਮਲਪ੍ਰੀਤ ਕੌਰ ਤੇ ਭਾਈ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਕੀਰਤਨ ਰਾਹੀਂ ਸਮਾਗਮ ਦੀ ਆਰੰਭਤਾ ਕੀਤੀ। ਸਮਾਗਮ ਲਈ ਰਜਿੰਦਰ ਸਿੰਘ ਟੁਰਨਾ, ਰਸਵਿੰਦਰ ਸਿੰਘ ਕਾਕਾ, ਅਮਰਜੀਤ ਸਿੰਘ, ਮਨਿੰਦਰ ਪਾਲ ਸਿੰਘ, ਗੁਰਜੀਤ ਸਿੰਘ, ਯਸ਼ਪਾਲ ਰਹੇਜਾ, ਰਾਜੇਸ਼ ਕੁਮਾਰ ਕਾਲਾ, ਸੁਖਵਿੰਦਰ ਸਿੰਘ, ਹਰਪ੍ਰੀਤ ਕੌਰ ਹੈਰੀ, ਪ ?ਦੀਪ ਕੌਰ, ਪੀ ?ਆ ਰਾਣੀ ਆਦਿ ਨੇ ਵੱਖ ਵੱਖ ਸੇਵਾਵਾਂ ਨਿਭਾਈਆਂ।ਜਥਿਆਂ ਨੂੰ ਜਸਵਿੰਦਰ ਸਿੰਘ ਪ੍ਰਿੰਸ ਮੁੱਖੀ ਤਾਲਮੇਲ ਕਮੇਟੀ, ਅਮਰਿੰਦਰ ਸਿੰਘ ਮੌਖਾ, ਹਰਪ੍ਰੀਤ ਸਿੰਘ ਪ੍ਰੀਤ, ਰੁਲਦੀਪ ਸਿੰਘ ਖੁਰਮੀ, ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਦਰਸ਼ਨਾ ਰਾਣੀ ਦੀ ਯਾਦ 'ਚ ਵਰਦੀਆਂ ਤੇ ਕਾਪੀਆਂ ਤਕਸੀਮ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਬਲੱਡ ਡੋਨਰਜ ਕਲੱਬ ਤੇ ਵੈਲਫੇਅਰ ਸੁਸਾਇਟੀ ਅਤੇ ਨਿਰੰਜਨ ਦਾਸ ਗਰੋਵਰ ਮੈਮੋਰੀਅਲ ਵੈਲਫੇਅਰ ਸੁਸਾਇਟੀ ਵੱਲੋਂ ਏ.ਡੀ ਸਕੂਲ (ਪ੍ਰਾਇਮਰੀ) ਦੇ ਵਿਦਿਆਰਥੀਆਂ ਨੂੰ ਸ੍ਰੀਮਤੀ ਦਰਸ਼ਨਾ ਰਾਣੀ ਦੀ ਯਾਦ ਵਿੱਚ ਵਰਦੀਆਂ ਤੇ ਕਾਪੀਆਂ ਵੰਡ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦਘਾਟਨ ਪੰਡਤ ਪ੍ਰੀਤਮ ਲਾਲ ਭਾਰਤਵਾਜ ਨੇ ਰਿਬਨ ਕੱਟ ਕੇ ਕੀਤਾ।ਇਸ ਮੌਕੇ ਨਿਸ਼ਾਂਤ ਕੁਮਾਰ ਨੌਰੀਆ ਪ੍ਰਧਾਨ ਰਾਇਸ ਇੰਡਸਟਰੀ ਐਸੋਸੀਏਸ਼ਨ ਧਰਮਕੋਟ, ਸ੍ਰੀ ਨਵਦੀਪ ਕੁਮਾਰ ਆਹੂਜਾ, ਦਵਿੰਦਰ ਪੱਬੀ, ਸ੍ਰੀ ਸਪਨ ਕੁਮਾਰ ਗੁਪਤਾ, ਜਸਵਿੰਦਰ ਸਿੰਘ ਰੱਖਰਾ ਪ੍ਰਧਾਨ ਬਲੱਡ ਡੋਨਰਜ ਕਲੱਬ ਧਰਮਕੋਟ, ਮਾਸਟਰ ਪ੍ਰੇਮ ਸਿੰਘ ਪ੍ਰਧਾਨ ਨਿਰੰਜਨ ਦਾਸ ਮੈਮੋਰੀਅਲ ਵੈਲਫੇਅਰ ਸੋਸਾਇਟੀ ਧਰਮਕੋਟ ਸ੍ਰੀ ਸੁਖਵਿੰਦਰ ਕੁਮਾਰ, ਸ੍ਰੀ ਬੱਬੂ ਸ਼ਰਮਾ ਆਦਿ ਉਘੇ ਸਮਾਜ ਸੇਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਸਟੇਜ ਦੀ ਕਾਰਵਾਈ ਮਾਸਟਰ ਵਿਨੇ ਕੁਮਾਰ ਨੇ ਚਲਾਈ।ਇਕੱਤਰਤਾ ਨੂੰ ਵੱਖ-ਵੱਖ ਸ਼ਖ਼ਸੀਅਤਾਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਿੱਖਿਆ ਹੀ ਮਨੁੱਖ ਦਾ ਸਭ ਤੋਂ ਉੱਤਮ ਧਨ ਹੈ, ਸਮਾਜ ਵਿੱਚ ਅਜਿਹੇ ਵੀ ਪਰਵਾਰ ਹਨ, ਜਿਨ੍ਹਾਂ ਦੇ ਬੱਚੇ ਸਿੱਖਿਆ ਤੋਂ ਵਾਂਝੇ ਰਹਿ ਰਹੇ ਹਨ, ਪ੍ਰੰਤੂ ਸਾਨੂੰ ਇਕਜੁਟ ਹੋ ਕੇ ਦੂਜਿਆਂ ਦੀ ਮਦਦ ਲਈ ਅੱਗੇ ਆਉਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਵੱਖ-ਵੱਖ ਸਮਾਜ ਸੇਵੀ ਸ਼ਖ਼ਸੀਅਤਾਂ ਵੱਲੋਂ ਸ੍ਰੀਮਤੀ ਦਰਸ਼ਨਾ ਰਾਣੀ ਦੀ ਯਾਦ ਵਿੱਚ ਏਡੀ ਸਕੂਲ ਦੇ ਪ੍ਰਾਈਮਰੀ ਵਿੱਚ ਪੜ੍ਹਦੇ ਬੱਚਿਆਂ ਨੂੰ ਫਰੀ ਵਰਦੀਆਂ ਅਤੇ ਕਾਪੀਆਂ ਤਕਸੀਮ ਕੀਤੀ ਗਈਆਂ ਹਨ, ਜੋ ਸ਼ਲਾਘਾਯੋਗ ਉਪਰਾਲਾ ਹੈ।

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਮੁਫਤ ਆਯੁਰਵੈਦਿਕ ਚੈਕਅੱਪ ਕੈਂਪ

ਜਲਾਲਾਬਾਦ (ਜੀਤ ਕੁਮਾਰ/ਸੰਗੀਰ ਕੌਰ)-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸਥਾਨਕ ਸ੍ਰੀ ਹਰਕਿਸ਼ਨ ਗਾਰਡਨ ਵਿਖੇ ਮੁਫਤ ਆਯੁਰਵੈਦਿਕ ਚੈਕਅੱਪ ਕੈਂਪ ਲਗਾਇਆ ਗਿਆ। ਇਸ ਸਬੰਧੀ ਸਾਧਵੀ ਸੁਸ਼੍ਰੀ ਅਮਰਾ ਭਾਰਤੀ ਨੇ ਦੱਸਿਆ ਕਿ ਸੰਸਥਾਨ ਵੱਲੋਂ ਚਲਾਏ ਜਾ ਰਹੇ ਸ੍ਰੀ ਆਸ਼ੂਤੋਸ਼ ਮਹਾਰਾਜ ਚਿਕਿਤਸਾ ਕੇਂਦਰ ਵੱਲੋਂ ਸੱਤ ਰੋਜ਼ਾ ਸ੍ਰੀ ਰਾਮ ਕਥਾ ਦੌਰਾਨ ਦੋ ਰੋਜ਼ਾ ਮੁਫਤ ਆਯੁਰਵੈਦਿਕ ਚੈਕਅੱਪ ਕੈਂਪ ਲਗਾਇਆ ਗਿਆ। ਜਿਸ ਵਿੱਚ ਸੰਸਥਾ ਦੀ ਤਰਫੋਂ ਵੈਦਿਆ ਰਾਜਕੁਮਾਰ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਵੈਦਿਆ ਰਾਜਕੁਮਾਰ ਨੇ ਦੱਸਿਆ ਕਿ ਆਯੁਰਵੇਦ ਪ੍ਰਣਾਲੀ ਭਾਰਤੀ ਸੰਸਕ੍ਰਿਤੀ ਦਾ ਅਨਮੋਲ ਰਤਨ ਹੈ। ਆਯੁਰਵੇਦ ਜਿਸ ਵੀ ਬਿਮਾਰੀ ਦਾ ਇਲਾਜ ਕਰਦਾ ਹੈ, ਉਹ ਇਸ ਬਿਮਾਰੀ ਨੂੰ ਜੜ੍ਹ ਤੋਂ ਖ਼ਤਮ ਕਰ ਦਿੰਦਾ ਹੈ। ਉਨ੍ਹਾਂ ਦੱਸਿਆ ਕਿ ਖਾਣ-ਪੀਣ ਦੀਆਂ ਗਲਤ ਆਦਤਾਂ ਅਤੇ ਗਲਤ ਜਾਣਕਾਰੀ ਕਾਰਨ ਅੱਜ ਲੋਕ ਅਜਿਹੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਜ਼ਹਿਰੀਲਾ ਆਟਾ ਵੇਚਣ ਦੇ ਦੋਸ਼ 'ਚ ਮਾਮਲਾ ਦਰਜ : ਡੀ ਐੱਸ ਪੀ

ਜਲਾਲਾਬਾਦ (ਜੀਤ ਕੁਮਾਰ)-ਬੀਤੇ ਦਿਨੀਂ ਜਲਾਲਾਬਾਦ ਸ਼ਹਿਰ 'ਚ ਨਰਾਤਿਆਂ ਦੇ ਵਰਤ ਦੌਰਾਨ ਜ਼ਹਿਰੀਲੇ ਆਟੇ ਦਾ ਸੇਵਨ ਕਰਨ ਨਾਲ ਕਈ ਲੋਕਾਂ ਦੀ ਸਿਹਤ ਵਿਗੜਨ ਤੋਂ ਬਾਅਦ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਐੱਸ.ਡੀ.ਐੱਮ. ਦਫਤਰ ਤੋਂ ਮਿਲੇ ਪੱਤਰ ਦੇ ਆਧਾਰ 'ਤੇ ਅਣਪਛਾਤੇ ਕਰਿਆਨਾ ਦੁਕਾਨਦਾਰਾਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਡੀ.ਐੱਸ.ਪੀ. ਸ੍ਰੀ ਅੱਛਰੂ ਰਾਮ ਸ਼ਰਮਾ ਨੇ ਆਪਣੇ ਦਫ਼ਤਰ ਵਿੱਚ ਕਾਨਫਰੰਸ ਦੌਰਾਨ ਦੱਸਿਆ ਕਿ ਬੀਤੇ ਦਿਨ ਜਲਾਲਾਬਾਦ ਸ਼ਹਿਰ ਵਿੱਚ ਨਰਾਤਿਆ ਦੇ ਤਿਉਹਾਰ ਦੌਰਾਨ ਵਰਤ ਰੱਖ ਰਹੇ ਲੋਕਾਂ ਨੇ ਜੋ ਦੜਵੇ ਦਾ ਆਟਾ ਖਾਂਦਾ ਸੀ, ਉਸ ਨਾਲ ਕਈ ਲੋਕਾਂ ਦੀ ਸਿਹਤ ਖਰਾਬ ਹੋ ਗਈ ਹੈ ਤੇ ਉਨ੍ਹਾਂ ਨੂੰ ਜਲਾਲਾਬਾਦ ਸ਼ਹਿਰ ਦੇ ਵੱਖ-ਵੱਖ ਪ੍ਰਾਈਵੇਟ ਹਸਪਤਾਲਾਂ 'ਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ, ਜਿਸ ਤਹਿਤ ਜਲਾਲਾਬਾਦ ਦੇ ਐੱਸ.ਡੀ.ਐੱਮ. ਬਲਕਰਨ ਸਿੰਘ ਵੱਲੋਂ ਇੱਕ ਕਮੇਟੀ ਗਠਿਤ ਕਰਕੇ ਜਾਂਚ ਕਰਵਾਈ ਗਈ ਹੈ। ਇਸ ਦੌਰਾਨ ਬੁੱਧਵਾਰ ਨੂੰ ਸ਼ਹਿਰ ਵਿੱਚ ਸਹਾਇਕ ਫੂਡ ਇੰਸਪੈਕਟਰ ਵੱਲੋਂ ਮੁਨਿਆਦੀ ਕਰਵਾਈ ਗਈ ਸੀ ਕਿ ਕੋਈ ਵੀ ਦੁਕਾਨਦਾਰ ਆਪਣੇ ਕੋਲ ਰੱਖੇ ਦੜਵੇ ਦੇ ਆਟੇ ਨੂੰ ਨਾ ਵੇਚੇ ਅਤੇ ਲੋਕ ਵੀ ਦੁਕਾਨਾਂ ਤੋਂ ਪੁਰਾਣਾ ਆਟਾ ਨਾ ਖਰੀਦਣ। ਇਸਦੇ ਨਾਲ ਹੀ ਸਿਹਤ ਵਿਭਾਗ ਦੀ ਟੀਮ ਨੇ ਦੁਕਾਨਾਂ ਤੋਂ ਆਟੇ ਦੇ ਸੈਂਪਲ ਲਏ ਗਏ ਹਨ। ਇਸ ਸਬੰਧੀ ਐੱਸ ਐੱਮ ਓ ਜਲਾਲਾਬਾਦ ਸਰਕਾਰੀ ਹਸਪਤਾਲ ਨੇ ਦੱਸਿਆ ਕਿ ਸ਼ਹਿਰ ਦੇ ਵੱਖ-ਵੱਖ ਹਸਪਤਾਲਾਂ ਵਿੱਚ ਦੋ ਦਰਜਨ ਦੇ ਕਰੀਬ ਮਰੀਜ਼ ਇਲਾਜ ਲਈ ਆਏ ਸਨ। ਇਸ ਤੋਂ ਇਲਾਵਾ ਐੱਸ.ਡੀ.ਐੱਮ. ਦੀ ਤਰਫੋਂ ਤਹਿਸੀਲਦਾਰ ਨੂੰ ਪ੍ਰਾਈਵੇਟ ਹਸਪਤਾਲਾਂ ਵਿੱਚ ਭੇਜ ਕੇ ਚੈਕਿੰਗ ਕੀਤੀ ਗਈ, ਜਿਸ ਵਿੱਚ ਟੱਕਰ ਹਸਪਤਾਲ, ਚੁੱਘ ਹਸਪਤਾਲ, ਮਿੱਡਾ ਹਸਪਤਾਲ ਆਦਿ ਸ਼ਾਮਲ ਹਨ, ਇਨ੍ਹਾਂ ਹਸਪਤਾਲਾਂ ਵਿੱਚ 35 ਦੇ ਕਰੀਬ ਮਰੀਜ਼ ਇਲਾਜ ਲਈ ਦਾਖਲ ਸਨ। ਜਿਨ੍ਹਾਂ 'ਚੋਂ ਬੁੱਧਵਾਰ ਦੇਰ ਸ਼ਾਮ 18 ਮਰੀਜ਼ ਠੀਕ ਹੋ ਗਏ ਹਨ ਤੇ ਬਾਕੀ ਮਰੀਜ਼ਾਂ ਦਾ ਇਲਾਜ ਚੱਲ ਰਿਹਾ ਹੈ ਅਤੇ ਉਹ ਵੀ ਖਤਰੇ ਤੋਂ ਬਾਹਰ ਹਨ। ਡੀ.ਐੱਸ.ਪੀ. ਨੇ ਦੱਸਿਆ ਕਿ ਜਿਨ੍ਹਾਂ ਮਰੀਜ਼ਾਂ ਨੂੰ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ, ਉਨ੍ਹਾਂ ਤੋਂ ਪੁੱਛਿਆ ਜਾਵੇਗਾ ਕਿ ਉਹ ਵਰਤ ਦੌਰਾਨ ਆਟਾ ਕਿਸ ਦੁਕਾਨ ਤੋਂ ਲੈ ਕੇ ਆਏ ਹਨ। ਡੀ.ਐੱਸ.ਪੀ. ਸ਼੍ਰੀ ਸ਼ਰਮਾ ਨੇ ਕਿਹਾ ਕਿ ਲੋਕਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਬਜ਼ਾਰ ਵਿੱਚੋਂ ਸਾਮਾਨ ਖ਼ਰੀਦਣ ਤੋਂ ਪਹਿਲਾਂ ਚੰਗੀ ਤਰ੍ਹਾਂ ਚੈੱਕ ਕਰਨ ਲੈਣਾ ਚਾਹੀਦਾ ਹੈ।

ਜ਼ਿਲ੍ਹੇ 'ਚ ਕਣਕ ਦੀ ਖਰੀਦ ਲਈ ਸਾਰੇ ਪ੍ਰਬੰਧ ਮੁਕੰਮਲ : ਧੀਮਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਹਾੜ੍ਹੀ ਮੰਡੀਕਰਨ ਸੀਜ਼ਨ 2024-25 ਦੌਰਾਨ ਜ਼ਿਲ੍ਹੇ ਵਿੱਚ ਕਣਕ ਦੀ ਖਰੀਦ ਲਈ ਮੰਡੀ ਬੋਰਡ, ਮਾਰਕੀਟ ਕਮੇਟੀਆਂ ਅਤੇ ਖਰੀਦ ਏਜੰਸੀਆਂ ਵੱਲੋਂ ਸਾਰੇ ਪ੍ਰਬੰਧ ਮਕੰਮਲ ਕਰ ਲਏ ਗਏ ਹਨ ਤਾਂ ਜੋ ਕਣਕ ਦੇ ਚਾਲੂ ਖਰੀਦ ਸੀਜ਼ਨ ਦੌਰਾਨ ਕਿਸਾਨਾਂ, ਮਜ਼ਦੂਰਾਂ ਅਤੇ ਆੜ੍ਹਤੀਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਦਿੱਕਤ ਨਾ ਆਵੇ। ਸਰਕਾਰ ਵੱਲੋਂ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2275 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਗਿਆ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕਣਕ ਦੇ ਖਰੀਦ ਪ੍ਰ

12-April-PAGE-3.qxd 4/11/2024 10:38 PM Page 1

ਨਜਾਇਜ਼ ਉਸਾਰੀ ਨੂੰ ਰੋਕਣ ਸੰਬੰਧੀ ਲੋਕਾਂ ਨੇ ਲਗਾਇਆ ਧਰਨਾ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਦੇ ਇਲਾਕੇ ਦੇ ਦਰਜਨਾਂ ਦੇ ਕਰੀਬ ਪਿੰਡਾਂ ਦੇ ਲੋਕਾਂ ਵੱਲੋਂ ਸੁਲਤਾਨਪੁਰ ਲੋਧੀ ਤੋਂ ਕਪੂਰਥਲਾ ਰੋਡ 'ਤੇ ਡਿਗੇ ਪੁਲ 'ਤੇ ਰੋਡ ਜਾਮ ਕਰਕੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਜਿਕਰਯੋਗ ਹੈ ਕਿ ਬੀਤੇ ਦਿਨੀਂ ਕੁੱਝ ਲੋਕਾਂ ਵੱਲੋਂ ਕੁਦਰਤੀ ਵਹਾਅ ਨੂੰ ਰੋਕਦਿਆਂ ਹੋਇਆ ਇੱਥੇ ਨਜਾਇਜ਼ ਉਸਾਰੀ ਕੀਤੀ ਜਾ ਰਹੀ ਹੈ ਜਿਸਦੇ ਵਿਰੋਧ ਵਿੱਚ ਇਲਾਕੇ ਦੇ ਲੋਕਾਂ ਵੱਲੋਂ ਐਸ ਡੀ ਐਮ ਸੁਲਤਾਨਪੁਰ ਲੋਧੀ ਨੂੰ ਲਿਖਤੀ ਮੰਗ ਪੱਤਰ ਵੀ ਦਿੱਤਾ ਗਿਆ ਪਰ ਪ੍ਰਸ਼ਾਸ਼ਨ ਨੇ ਬਿਲਕੁਲ ਵੀ ਇਸ ਉਸਾਰੀ ਵੱਲ ਧਿਆਨ ਨਹੀਂ ਦਿੱਤਾ। ਸਵੇਰੇ ਕਰੀਬ ਇੱਕ ਘੰਟਾ ਰੋਡ ਜਾਮ ਕੀਤਾ ਗਿਆ ਤੇ ਵਰਿੰਦਰ ਭਾਟੀਆ ਤਹਿਸੀਲਦਾਰ ਸੁਲਤਾਨਪੁਰ ਲੋਧੀ ਨੇ ਮੌਕੇ ਉੱਤੇ ਪਹੁੰਚ ਕੇ ਧਰਨਾ ਪ੍ਰਦਰਸ਼ਨ ਕਰ ਰਹੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਧਾਰਨਾ ਕਾਰੀਆਂ ਨੂੰ ਭਰੋਸਾ ਦਿੱਤਾ ਕਿ ਜਿੰਨਾ ਸਮਾਂ ਉੱਚ ਪੱਧਰੀ ਜਾਂਚ ਨਹੀਂ ਕੀਤੀ ਜਾਂਦੀ ਉਸਾਰੀ ਬੰਦ ਹੀ ਰਹੇਗੀ। ਇਸ ਮੌਕੇ ਪੁਸ਼ਪਿੰਦਰ ਸਿੰਘ ਸੋਢੀ ਆਗੂ ਕਿਸਾਨ ਯੂਨੀਅਨ ਨੇ ਕਿਹਾ ਕਿ ਜਿਸ ਥਾਂ 'ਤੇ ਇਹ ਨਜਾਇਜ਼ ਕਬਜ਼ਾ ਕੀਤਾ ਜਾ ਰਿਹਾ ਹੈ ਉਹ ਸਰਕਾਰੀ ਜਗ੍ਹਾ ਹੈ ਅਤੇ ਰਿਕਾਰਡ ਨਾਲ ਛੇੜਛਾੜ ਕਰਕੇ ਮਾਲਕੀ ਹੱਕ ਜਤਾਇਆ ਜਾ ਰਿਹਾ ਹੈ।ਉਹਨਾਂ ਕਿਹਾ ਜੇ ਇਹ ਉਸਾਰੀ ਹੋ ਜਾਂਦੀ ਹੈ ਤਾਂ ਸੁਲਤਾਨਪੁਰ ਲੋਧੀ ਹਲਕੇ ਦੇ ਤਕਰੀਬਨ 40 ਤੋਂ 50 ਪਿੰਡ ਹਰ ਸਾਲ ਪਾਣੀ ਦੀ ਮਾਰ ਹੇਠ ਆ ਜਾਣਗੇ ਅਤੇ ਜੇ ਕਿਤੇ ਹੜ ਆ ਗਿਆ ਤਾਂ ਤਕਰੀਬਨ 100 ਪਿੰਡ ਹਰ ਸਾਲ ਡੁੱਬ ਜਾਇਆ ਕਰੇਗਾ ਸੋ ਇਸ ਕਰਕੇ ਅਸੀਂ ਪ੍ਰਸ਼ਾਸਨ ਨੂੰ ਬੇਨਤੀ ਕਰਦੇ ਹਾਂ ਕਿ ਨਜਾਇਜ਼ ਉਸਾਰੀ ਨੂੰ ਜਲਦ ਤੋਂ ਜਲਦ ਰੋਕਿਆ ਜਾਵੇ।ਇਸ ਮੌਕੇ ਪੰਜਾਬ ਕਿਸਾਨ ਯੂਨੀਅਨ ਬਾਗੀ ਸਰਪ੍ਰਸਤ ਤਰਸੇਮ ਸਿੰਘ ਵਿੱਕੀ ਜੈਨਪੁਰ,ਮੀਤ ਪ੍ਰਧਾਨ ਰਵਿੰਦਰ ਸਿੰਘ ਕੋਲੀਆ ਵਾਲ,ਸੂਬਾ ਸਹਾਇਕ ਖਜਾਨਚੀ ਡਾਕਟਰ ਕੁਲਜੀਤ ਸਿੰਘ ਚੰਦੀ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬਾਊਪੁਰ,ਕਿਸਾਨ ਮਜ਼ਦੂਰ ਸਘਰੰਸ਼ ਕਮੇਟੀ ਪੰਜਾਬ ਜਿੱਲਾ ਪ੍ਰਧਾਨ ਸਰਵਣ ਸਿੰਘ ਬਾਊਪੁਰ,ਜਿੱਲਾ ਸੰਗਠਤ ਸਕੱਤਰ ਸ਼ੇਰ ਸਿੰਘ ਮਹੀਂਵਾਲ,ਮੀਤ ਪ੍ਰਧਾਨ ਪਰਮਜੀਤ ਸਿੰਘ ਪੱਕੇ ਕੋਠੇ,ਜਿੱਲਾ ਖਜ਼ਾਨਚੀ ਹਾਕਮ ਸਿੰਘ ਸਾਹਜਹਾਨਪੁਰ,ਜਰਨੈਲ ਸਿੰਘ ਸਤਨਾਮ ਸਿੰਘ ਸੁਖਵਿੰਦਰ ਸਿੰਘ ਜੈਨਪੁਰ, ਸਰਵਣ ਸਿੰਘ ਪੁਸ਼ਪਿੰਦਰ ਸਿੰਘ ਬਖਸ਼ੀਸ਼ ਸਿੰਘ ਸੁਖਦੇਵ ਸਿੰਘ ਜਸਵਿੰਦਰ ਸਿੰਘ ਪਿਆਰਾ ਸਿੰਘ ਤਰਸੇਮ ਸਿੰਘ ਚਰਨ ਸਿੰਘ ਦਿਲਬਰ ਸਿੰਘ ਸਰਬਜੀਤ ਸਿੰਘ ਰੰਧੀਰਪੁਰ ,ਹਰਸਿਮਰਨਜੀਤ ਸਿੰਘ ਤਰਸੇਮ ਸਿੰਘ ਸੁੰਦਰ ਸਿੰਘ ਝੱਲਲੇਈ ਵਾਲਾ,ਹਰਦੀਪ ਸਿੰਘ ਬਾਊਪੁਰ, ਬਲਜਿੰਦਰ ਸਿੰਘ ਹਰਜੀਤ ਸਿੰਘ ਬਲਕਾਰ ਸਿੰਘ ਸ਼ੇਰਪੁਰ ਸਧਾ,ਕੁਲਦੀਪ ਸਿੰਘ ਅਮਰੀਕ ਸਿੰਘ ਜਰਨੈਲ ਸਿੰਘ ਜਸਵਿੰਦਰ ਸਿੰਘ ਸਰਪੰਚ ਹੈਬਤਪੁਰ, ਭਜਨ ਸਿੰਘ ਨਿਰਗੁਣ, ਹਰਜਿੰਦਰ ਸਿੰਘ ਕੌਲੀਆਵਾਲ ਆਦਿ ਹਾਜ਼ਰ ਸਨ।

ਇਸ ਮੌਕੇ ਜਦੋਂ ਉਸਾਰੀ ਕਰ ਰਹੇ ਗੁਰਦਿਆਲ ਸਿੰਘ ਅਤੇ ਆਗੂਆਂ ਨੇ ਕਿਹਾ ਕਿ ਇਹ ਜਗ੍ਹਾ ਸਾਡੀ ਮਾਲਕੀ ਹੈ ਅਸੀਂ ਇਸ ਨੂੰ ਪੂਰੀ ਕਨੂੰਨੀ ਪ੍ਰਕਿਰਿਆ ਰਾਹੀਂ ਸਾਰਕਾਰੀ ਫੀਸ ਭਰਕੇ ਰਜਿਸਟਰੀ ਕਰਵਾਈ ਹੈ ਅਤੇ ਸਾਡੇ ਕੋਲ ਰਜਿਸਟਰੀ ਸਮੇਤ ਸਾਰੇ ਕਾਗਜ਼ਾਤ ਹਨ।

ਡੋਡਿਆਂ ਦੀ ਖੇਤੀ ਕਰਨ ਦੇ ਦੋਸ਼ 'ਚ ਗ੍ਰਿਫਤਾਰ

ਕਾਲਾ ਸੰਘਿਆਂ (ਮਨਜੀਤ ਮਾਨ) ਥਾਣਾ ਸਦਰ ਕਪੂਰਥਲਾ ਦੇ ਮੁੱਖ ਅਫਸਰ ਮੁਕੇਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਪੁਲਸ ਪਾਰਟੀ ਕਾਲਾ ਸੰਘਿਆਂ ਤੋਂ ਸੁਲਤਾਨਪੁਰ ਲੋਧੀ ਰੋਡ ਚੌਂਕ ਸੰਧੂ ਚੱਠਾ ਜਾ ਰਹੇ ਸੀ ਕਿ ਮੁਖਬਰ ਖਾਸ ਨੇ ਪੁਲਸ ਚੌਕੀ ਦੇ ਇੰਚਾਰਜ ਸਬ ਇੰਸਪੈਕਟਰ ਸਰਬਜੀਤ ਸਿੰਘ ਨੂੰ ਇਤਲਾਹ ਦਿੱਤੀ ਕਿ ਸੁਖਵਿੰਦਰ ਸਿੰਘ ਉਰਫ਼ ਹੈਪੀ ਪੁੱਤਰ ਗੁਰਦਿਤ ਸਿੰਘ ਵਾਸੀ ਪਿੰਡ ਸੰਧੂ ਚੱਠਾ ਜ਼ਿਲ੍ਹਾ ਕਪੂਰਥਲਾ ਆਪਣੇ ਘਰ ਦੇ ਅੱਗੇ ਖਾਲੀ ਜਗ੍ਹਾ ਵਿੱਚ ਡੋਡਿਆਂ ਦੀ ਖੇਤੀ ਕਰਦਾ ਹੈ। ਪੁਲਸ ਨੇ ਉਕਤ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸ 'ਤੇ ਜੁਰਮ 16/18/61-85 ਐਨ.ਡੀ.ਪੀ.ਐਸ ਤਹਿਤ ਐਫ.ਆਰ.ਆਈ 41/24 ਨੰਬਰ ਦਰਜ ਕੀਤੀ ਅਤੇ ਮੁਲਾਜ਼ਮ ਨੂੰ ਅਦਾਲਤ 'ਚ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਮੁਲਜ਼ਮ ਕੋਲੋਂ 5 ਕਿਲੋ 690 ਗ੍ਰਾਮ ਹਰੇ ਭੁੱਕੀ ਦੇ ਪੌਦੇ ਕਬਜ਼ੇ ਵਿੱਚ ਲਏ ਗਏ ਹਨ।

ਵਿਸਾਖੀ 'ਤੇ ਲਗਾਇਆ ਜਾਵੇਗਾ ਵਿਸ਼ਾਲ ਖੂਨਦਾਨ ਕੈਂਪ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਮੰਦਿਰ ਸ਼੍ਰੀ ਬਾਬਾ ਭੂਤਨਾਥ ਅਤੇ ਗਊਸ਼ਾਲਾ ਕਮੇਟੀ ਨੂਰਮਹਿਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸਾਖੀ ਦਾ ਤਿਉਹਾਰ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਵਿਸਾਖੀ ਦੇ ਸ਼ੁੱਭ ਮੌਕੇ 'ਤੇ ਮੰਦਿਰ ਕਮੇਟੀ ਵੱਲੋਂ ਇੱਕ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਜਾਵੇਗਾ। ਮੰਦਿਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਮੈਹਨ ਅਤੇ ਪੀ.ਆਰ.ਓ. ਰਾਜਿੰਦਰ ਕਾਲੜਾ ਨੇ ਦੱਸਿਆ ਕਿ ਇਹ ਕੈਂਪ ਸਵੇਰੇ 10 ਵਜੇ ਤੋਂ ਲੈ ਕੇ ਬਾਅਦ ਦੁਪਹਿਰ 2 ਵਜੇ ਤੱਕ ਮੰਦਿਰ ਪ੍ਰਾਗਣ ਵਿੱਚ ਲਗਾਇਆ ਜਾਵੇਗਾ। ਉਹਨਾਂ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਖੂਨਦਾਨ, ਮਹਾਂਦਾਨ ਮਹਾਂ ਕਲਿਆਣ ਹੈ ਜਿਸ ਨਾਲ ਬਹੁਤ ਸਾਰੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ, ਇਸ ਲਈ ਨੌਜਵਾਨ ਵੱਧ ਤੋਂ ਵੱਧ ਗਿਣਤੀ ਵਿੱਚ ਇਸ ਖੂਨਦਾਨ ਕੈਂਪ ਵਿੱਚ ਸ਼ਾਮਿਲ ਹੋ ਕੇ ਖੂਨ ਦਾਨ ਕਰਨ ਤਾਂ ਜੋ ਲੋੜਵੰਦਾਂ ਨੂੰ ਇਸ ਦਾ ਲਾਭ ਮਿਲ ਸਕੇ। ਜ਼ਿਕਰਯੋਗ ਹੈ ਕਿ ਮੰਦਿਰ ਕਮੇਟੀ ਵੱਲੋਂ ਕਲੀਨੀਕਲ ਲੈਬੋਰਟਰੀ, ਫੀਜੀਓਥੈਰਪੀ ਸੈਂਟਰ,ਹੋਮਿਓਪੈਥਿਕ ਡਿਸਪੈਂਸਰੀ,ਸ਼ਵ-ਗ੍ਰਹਿ ਅਤੇ ਐਂਬੂਲੈਂਸ ਵਰਗੇ ਧਰਮਾਰਥ ਕਾਰਜ ਪਹਿਲਾਂ ਵੀ ਨਿਰੰਤਰ ਚਲਾਏ ਜਾ ਰਹੇ ਹਨ ਜਿਸ ਦਾ ਲੋਕ ਲਾਭ ਲੈ ਰਹੇ ਹਨ।

ਗੁਰਦੁਆਰਾ ਸ਼ਹੀਦ ਬੀਬੀ ਸੁੰਦਰ ਕੌਰ ਤੋਂ ਨਗਰ ਕੀਰਤਨ ਸਜਾਇਆ

ਗੁਰਦਾਸਪੁਰ, (ਜਨਕ ਮਹਾਜਨ)- ਉਤਰੀ ਭਾਰਤ ਦੇ ਪ੍ਰਸਿੱਧ ਇਤਿਹਾਸਕ ਅਸਥਾਨ ਸ੍ਰੀ ਗੁਰਦੁਆਰਾ ਸਾਹਿਬ ਸ਼ਹੀਦ ਬੀਬੀ ਸੁੰਦਰ ਕੌਰ ਪਿੰਡ ਨੌਸ਼ਹਿਰਾ ਨਵਾਂ ਪਿੰਡ ਬਹਾਦਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਹੈਡ ਗ੍ਰੰਥੀ ਕਸ਼ਮੀਰ ਸਿੰਘ ਨੇ ਅਰਦਾਸ ਕੀਤੀ ਅਤੇ ਫ਼ਿਰ ਵੱਖ-ਵੱਖ ਪਿੰਡਾਂ ਨਵਾਂ ਪਿੰਡ ਬਹਾਦਰ, ਨੌਸ਼ਹਿਰਾ, ਨਵਾਂ ਸ਼ਾਲਾ, ਚਾਵਾ, ਪੁਲ ਤਿਬੜੀ, ਭੁੱਲੇਚੱਕ ਅਤੇ ਗੋਹਤ ਪੋਕਰ ਦੀਆਂ ਸੰਗਤਾਂ ਨੇ ਫੁਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਅਤੇ ਲੰਗਰ ਵੀ ਲਗਾਏ। ਇਸ ਮੌਕੇ ਪ੍ਰਧਾਨ ਕਸ਼ਮੀਰ ਸਿੰਘ, ਸੰਤੋਖ ਸਿੰਘ ਮੀਤ ਪ੍ਰਧਾਨ, ਨਰਿੰਦਰ ਸਿੰਘ ਖ਼ਾਲਸਾ, ਦਿਲਬਾਗ ਸਿੰਘ ਖਜ਼ਾਨਚੀ, ਜੋਧ ਸਿੰਘ ਜਨਰਲ ਸਕੱਤਰ, ਪਰਮਜੀਤ ਸਿੰਘ ਸਲਾਹਕਾਰ, ਭਜਨ ਸਿੰਘ ਸਲਾਹਕਾਰ, ਮੰਗਤਾ ਸਿੰਘ ਸਲਾਹਕਾਰ, ਗਰੀਬ ਸਿੰਘ, ਜਸਵੀਰ ਸਿੰਘ ਅਤੇ ਬਲਦੇਵ ਸਿੰਘ ਨੇ ਦੱਸਿਆ ਕਿ ਇਸ ਨਗਰ ਕੀਰਤਨ ਵਿਚ ਗਤਕੇ ਦੇ ਜੌਹਰ ਵਿਖਾਉਣ ਲਈ ਗੁਰਦਾਸਪੁਰ ਤੋਂ ਟੀਮਾਂ ਪੁੱਜੀਆਂ ਹੋਈਆਂ ਸਨ। ਉਨ੍ਹਾਂ ਦੱਸਿਆ ਕਿ 11 ਅਪ੍ਰੈਲ ਨੂੰ ਸਾਜਨਾ ਦਿਵਸ ਨੂੰ ਸਮਰਪਿਤ ਤਿੰਨ ਰੋਜ਼ਾ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 13 ਅਪ੍ਰੈਲ ਦਿਨ ਸ਼ਨੀਵਾਰ ਨੂੰ ਪਾਉਣ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ।

ਪੰਜਾਬ 'ਚ ਭਾਜਪਾ ਦੀ ਮਾੜੀ ਦੁਰਦਸ਼ਾ ਮੋਦੀ ਦੀ ਦੇਣ : ਲੂਧੜ

ਮਜੀਠਾ (ਸੋਇਮ ਆਨੰਦ)- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜ ਕੁਮਾਰ ਲੁੱਧੜ ਨੇ ਗੱਲਬਾਤ ਦੌਰਾਨ ਕਿਹਾ ਕਿ ਇੱਕ ਜੂਨ ਨੂੰ ਪੰਜਾਬ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਸਬੰਧੀ ਜੋ ਮਾੜੀ ਦੁਰਦਸ਼ਾ ਪਿੰਡਾਂ ਤੇ ਕਸਬਿਆਂ ਵਿੱਚ ਭਾਜਪਾ ਦੀ ਹੋ ਰਹੀ ਹੈ, ਉਹ ਸਿਰਫ਼ ਮੋਦੀ ਦੀ ਦੇਣ ਹੈ। ਭਾਜਪਾ ਦੇ ਵਿਰੋਧ ਵਿੱਚ ਜੋ ਕਾਲੀਆਂ ਝੰਡੀਆਂ, ਨਾਅਰੇਬਾਜ਼ੀ ਤੇ ਮੋਦੀ ਦੇ ਪੁਤਲੇ ਫੂਕ ਕੇ ਮੁਜ਼ਾਹਰੇ ਕੀਤੇ ਜਾ ਰਹੇ ਹਨ ਉਸ ਤੋਂ ਇੰਝ ਮਹਿਸੂਸ ਹੋ ਰਿਹਾ ਹੈ ਕਿ ਸੂਬੇ ਦੀਆਂ 13 ਸੀਟਾਂ ਤੋਂ ਭਾਜਪਾ ਦਾ ਬਹੁਤ ਬੁਰੀ ਤਰ੍ਹਾਂ ਸਫਾਇਆ ਹੋ ਨਿੱਬੜੇਗਾ ਕਿਉਂਕਿ ਮੋਦੀ ਨੇ ਰਾਜ ਸੱਤਾ ਦੇ ਨਸ਼ੇ ਵਿੱਚ ਕਿਸਾਨਾਂ ਦੀ ਇੱਕ ਵੀ ਨਹੀਂ ਸੁਣੀ ਸਗੋਂ ਕਿਸਾਨਾਂ ਦਾ ਜਾਨੀ ਮਾਲੀ ਨੁਕਸਾਨ ਹੀ ਕੀਤਾ। ਐਮ ਐਸ ਪੀ ਦੀ ਮੰਗ ਜਿਉਂ ਦੀ ਤਿਉਂ ਹੈ, ਕਿਸਾਨ ਬਾਰਡਰਾਂ 'ਤੇ ਮੰਗਾਂ ਪ੍ਰਤੀ ਸੰਘਰਸ਼ ਕਰ ਰਹੇ ਹਨ। ਇਸ ਲਈ ਨਰਿੰਦਰ ਮੋਦੀ ਨੇ ਜੋ ਬੀਜਿਆ ਹੈ ਉਹ ਹੁਣ ਚਾਰ ਜੂਨ ਨੂੰ ਵੱਢਣ ਲਈ ਤਿਆਰ ਰਹੇ ਜਦ ਕਿ ਇਸ ਦੇ ਉਲਟ ਆਪ ਦੇ ਸੂਝਵਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨਾਲ ਹਮਦਰਦੀ ਪ੍ਰਗਟਾਈ, ਮੂੰਗੀ ਦੀ ਫਸਲ ਬਾਰੇ ਐਮ ਐਸ ਪੀ ਤੇ ਹੜ੍ਹਾਂ ਦੌਰਾਨ ਫਸਲਾਂ ਦੇ ਮੁਆਵਜ਼ੇ ਦਿੱਤੇ, ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾਇਆ, ਨਹਿਰੀ ਸੂਏ ਕੱਸੀਆਂ ਪੱਕੀਆਂ ਕੀਤੀਆਂ, ਧਨਾਢਾਂ ਕੋਲੋਂ ਪੰਚਾਇਤੀ ਜ਼ਮੀਨਾਂ ਦੇ ਕਬਜ਼ੇ ਛੁਡਵਾ ਕੇ ਆਮ ਕਿਸਾਨਾਂ ਨੂੰ ਖੇਤੀ ਕਰਨ ਲਈ ਬੋਲੀ 'ਤੇ ਜ਼ਮੀਨਾਂ ਦਿੱਤੀਆਂ। ਬਾਕੀ ਰਹਿੰਦੇ ਤਿੰਨ ਸਾਲ ਵੀ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਵਧੇਰੇ ਸਹੂਲਤਾਂ ਦੇ ਗੱਫੇ ਮਿਲਣ ਦੀ ਆਸ ਹੈ। ਰਾਜ ਲੁੱਧੜ ਨੇ ਕਿਹਾ ਕਿ ਮੋਦੀ ਨੇ ਹਮੇਸ਼ਾ ਪੰਜਾਬ ਦੇ ਕਿਸਾਨਾਂ ਸਮੇਤ ਹਰੇਕ ਵਰਗ ਦੀਆਂ ਮੰਗਾਂ ਨੂੰ ਅਣਗੌਲਿਆਂ ਕਰੀ ਰੱਖਿਆ ਜਿਸ ਦਾ ਅੰਜਾਮ ਅੱਜ ਇਸ ਦੀ ਪਾਰਟੀ ਦੇ ਉਮੀਦਵਾਰਾਂ ਨੂੰ ਬਹੁਤ ਬੁਰੀ ਤਰ੍ਹਾਂ ਭੁਗਤਣਾ ਪੈ ਰਿਹਾ ਹੈ। ਲੋਕ ਇਨ੍ਹਾਂ ਦੀ ਮਿੱਟੀ ਪੁਲੀਤ ਕਰਦੇ ਦੇਖੇ ਜਾ ਰਹੇ ਹਨ। ਇਸ ਮੌਕੇ ਰਾਜ ਕੁਮਾਰ ਲੁੱਧੜ ਦੇ ਨਾਲ ਮਹਿੰਗਾ ਸਿੰਘ, ਜਤਿੰਦਰ ਗੁਲਸ਼ਨ, ਡਾ. ਕਰਨਪ੍ਰੀਤ ਸਿੰਘ, ਸੋਨੂ ਲੁੱਧੜ, ਡਿੰਪਲ ਲਖੋਤਰਾ, ਸਤਪਾਲ ਤੇ ਸਰਬਜੀਤ ਸਿੰਘ ਵੀ ਹਾਜ਼ਰ

ਰਸਤੇ 'ਚ ਟੇਢਾ ਹੋਇਆ ਰੁੱਖ ਦੇ ਰਿਹਾ ਹਾਦਸਿਆਂ ਨੂੰ ਸੱਦਾ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਸ਼ਹਿਰ ਦੇ ਸੁੱਕੇ ਤਲਾਅ ਨਜ਼ਦੀਕ ਬਿਜਲੀ ਦਫ਼ਤਰ 'ਚ ਬਿੱਲ ਜਮ੍ਹਾਂ ਕਰਵਾਉਣ ਵਾਲੇ ਕਾਊਂਟਰ 'ਤੇ ਜਾਣ ਵਾਲੇ ਰਸਤੇ ਕੰਢੇ ਇਕ ਕਾਫ਼ੀ ਪੁਰਾਣਾ ਵੱਡਾ ਰੁੱਖ ਟੇਢਾ ਹੋਇਆ ਪਿਆ ਹੈ, ਜਿਸ ਕਾਰਨ ਇਥੇ ਬਿਜਲੀ ਬਿਲ ਜਮ੍ਹਾਂ ਕਰਵਾਉਣ ਵਾਲੇ ਖਪਤਕਾਰਾਂ ਨੂੰ ਕਾਫ਼ੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਰੁੱਖ ਕਲਾ ਕੇਂਦਰ ਤੋਂ ਜੀ.ਟੀ. ਰੋਡ ਪੁਰਾਣੀ ਤਹਿਸੀਲ ਨੂੰ ਜਾਂਦੀ ਛੋਟੀ ਜਿਹੀ ਲਿੰਕ ਸੜਕ ਕੰਢੇ ਬਿਜਲੀ ਦਫ਼ਤਰ ਦੇ ਪਿਛਲੇ ਪਾਸੇ ਲੱਗਾ ਹੋਇਆ ਹੈ। ਇਹ ਰੁੱਖ ਕਾਫ਼ੀ ਹੇਠਾਂ ਨੂੰ ਝੁਕਿਆ ਹੋਇਆ ਹੈ, ਜਿਸ ਕਾਰਨ ਸਕੂਟਰ, ਮੋਟਰਸਾਈਕਲ 'ਤੇ ਲੰਘਣਾ ਖ਼ਤਰੇ ਤੋਂ ਖਾਲੀ ਨਹੀਂ। ਇਹ ਰਸਤਾ ਬਾਜ਼ਾਰ ਤੋਂ ਜੀ.ਟੀ ਰੋਡ ਸਥਿਤ ਸਰਕਾਰੀ ਸਕੂਲ ਮੁੰਡੇ ਅਤੇ ਸਰਕਾਰੀ ਸਕੂਲ ਕੁੜੀਆਂ, ਪੁਰਾਣਾ ਤਹਿਸੀਲ ਕੰਪਲੈਕਸ ਨੂੰ ਜਾਂਦਾ ਹੈ, ਜਿਸ ਕਰਕੇ ਇਸ ਰਸਤੇ ਵਿਚ ਟਰੈਫ਼ਿਕ ਦਾ ਕਾਫ਼ੀ ਜ਼ੋਰ ਰਹਿੰਦਾ ਹੈ। ਜਦੋਂ ਕੋਈ ਵਾਹਨ ਚਾਲਕ ਆਪਣੇ ਧਿਆਨ ਨਾਲ ਤੇਜ਼ ਗਤੀ ਵਿਚ ਜਾ ਰਿਹਾ ਹੁੰਦਾ ਹੈ ਕਿ ਇਸ ਰਸਤੇ ਵਿਚ ਝੁਕੇ ਰੁੱਖ ਨਾਲ ਸਿਰ ਟਕਰਾਉਣ ਕਾਰਨ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਨੇ ਨਗਰ ਕੌਂਸਲ ਅਤੇ ਵਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਇਸ ਰੁੱਖ ਨੂੰ ਰਸਤੇ ਵਿਚੋਂ ਹਟਾਇਆ ਜਾਵੇ ਤਾਂ ਜੋ ਕੋਈ ਵੀ ਦੁਰਘਟਨਾ ਨਾ ਵਾਪਰ ਸਕੇ।

ਸਕੋਡਾ ਆਟੋ ਇੰਡੀਆ ਦੇ ਭਾਰਤ 'ਚ ਡਿਜੀਟਲਾਈਜ਼ੇਸ਼ਨ ਦੇ ਵਧਦੇ ਕਦਮ

ਜਲੰਧਰ-ਸਕੋਡਾ ਆਟੋ ਇੰਡੀਆ ਨੇ ਆਪਣੀ ਆਲ-ਨਿਊ ਕੰਪੈਕਟ ਦੇ ਐਲਾਨ ਨਾਲ ਪਹਿਲਾਂ ਹੀ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ।ਨਵੇਂ ਯੁੱਗ ਵੱਲ ਇੱਕ ਹੋਰ ਕਦਮ ਚੁੱਕਦੇ ਹੋਏ ਕੰਪਨੀ ਨੇ ਉਪਭੋਗਤਾਵਾਂ ਦੀ ਸਹੂਲੀਅਤ ਲਈ ਕਈ ਡਿਜੀਟਲ ਗਤੀਵਿਧੀਆਂ ਸ਼ੁਰੂ ਕੀਤੀਆਂ ਹਨ, ਜਿਸ ਵਿੱਚ ਉਪਭੋਗਤਾਵਾਂ ਨੂੰ ਕੰਪਨੀ ਦੀਆਂ ਯੋਜਨਾਵਾਂ ਵਿੱਚ ਸ਼ਾਮਲ ਕੀਤਾ ਗਿਆ ਹੈ ਅਤੇ ਡਿਜੀਟਲੀਕਰਨ ਵੱਲ ਕਦਮ ਵਧਾਏ ਹਨ।ਇਸ ਦੇ ਨਤੀਜੇ ਵਜੋਂ ਵਿਕਰੀ ਵਿੱਚ ਇੱਕ ਮਹੱਤਵਪੂਰਨ ਉਛਾਲ ਆਇਆ ਹੈ ਅਤੇ ਕੰਪਨੀ ਨੂੰ ਆਪਣੇ ਗਾਹਕਾਂ ਜਾਂ ਪ੍ਰਸ਼ੰਸਕਾਂ ਦੇ ਨੇੜੇ ਲਿਆਇਆ ਗਿਆ ਹੈ।ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਨਿਰਦੇਸ਼ਕ ਪੇਟਰ ਜੇਨੇਬਾ ਨੇ ਕਿਹਾ ਕਿ ਸਦਾ ਬਦਲਦੇ ਡਿਜੀਟਲ ਲੈਂਡਸਕੇਪ, ਪਲੇਟਫਾਰ

12-Apral-PAGE-4.qxd 4/11/2024 10:50 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 12 ਅਪ੍ਰੈਲ 2024

ਇਹ ਹੈ ਅਸਲੀ ਕੇਰਲਾ ਸਟੋਰੀ

'ਦੀ ਕੇਰਲਾ ਸਟੋਰੀ' ਫਿਲਮ ਕਾਫੀ ਵਿਵਾਦਾਂ ਵਿਚ ਰਹੀ ਹੈ, ਕਿਉਂਕਿ ਇਸ ਵਿਚ ਕੇਰਲਾ ਦੀਆਂ ਭੋਲੀਆਂ-ਭਾਲੀਆਂ ਮਹਿਲਾਵਾਂ (ਬਹੁਤੀਆਂ ਹਿੰਦੂ) ਨੂੰ ਮੁਸਲਮਾਨਾਂ ਵੱਲੋਂ ਫਸਾ ਕੇ ਉਨ੍ਹਾਂ ਨਾਲ ਵਿਆਹ ਕਰਾਉਣ ਤੇ ਧਰਮ ਬਦਲਵਾ ਕੇ ਇਸਲਾਮਿਕ ਸਟੇਟ ਨੂੰ ਸਪਲਾਈ ਕਰਨ ਦੀ ਇਕਪਾਸੜ ਤਸਵੀਰ ਪੇਸ਼ ਕੀਤੀ ਗਈ ਹੈ। ਭਾਜਪਾ ਨੇ ਇਸ ਫਿਲਮ ਨੂੰ ਕਾਫੀ ਪ੍ਰਚਾਰਤ ਕੀਤਾ ਤੇ ਲੋਕ ਸਭਾ ਚੋਣਾਂ ਵਿਚ ਵੀ ਇਸ ਦੀ ਕੇਰਲਾ ਵਿਚ ਖੂਬ ਵਰਤੋਂ ਕਰ ਰਹੀ ਹੈ। ਇਸ ਵਿਚ ਕੁਝ ਪਾਦਰੀ ਵੀ ਉਸ ਦੀ ਮਦਦ ਕਰ ਰਹੇ ਹਨ। ਇਦੁੱਕੀ ਡਾਇਓਸਿਸ ਤੇ ਕੇਰਲਾ ਕੈਥੋਲਿਕ ਯੂਥ ਮੂਵਮੈਂਟ ਆਫ ਦੀ ਥਮਰਾਸੇਰੀ ਡਾਇਓਸਿਸ ਨੇ ਭਾਜਪਾ ਦੇ ਮਗਰ ਲੱਗ ਕੇ ਇਸ ਫਿਲਮ ਦੀ ਸਕਰੀਨਿੰਗ ਕੀਤੀ ਹੈ, ਪਰ ਇਹ ਹਰਬੇ ਕੇਰਲਾ ਵਾਸੀਆਂ ਦੀ ਆਪਸੀ ਸਦਭਾਵਨਾ ਨੂੰ ਤੋੜਨ ਵਿਚ ਨਾਕਾਮ ਰਹੇ ਹਨ। ਇਸ ਦੀ ਉੱਘੜਵੀਂ ਮਿਸਾਲ ਕੇਰਲਾ ਵਿਚ ਬੁੱਧਵਾਰ ਮਨਾਈ ਗਈ ਈਦ ਵੇਲੇ ਮਿਲੀ, ਜਦੋਂ ਮੱਲਾਪੁਰਮ ਦੇ ਮੰਜੇਰੀ ਸਥਿਤ ਇਕ ਚਰਚ ਨੇ ਨਮਾਜ਼ ਅਦਾ ਕਰਨ ਲਈ ਆਪਣਾ ਵਿਸ਼ਾਲ ਮੈਦਾਨ ਹਜ਼ਾਰਾਂ ਮੁਸਲਮਾਨ ਮਰਦਾਂ, ਮਹਿਲਾਵਾਂ ਤੇ ਬੱਚਿਆਂ ਦੇ ਹਵਾਲੇ ਕਰ ਦਿੱਤਾ। ਸਥਾਨਕ ਮੁਸਲਮਾਨ ਆਮ ਤੌਰ 'ਤੇ ਸਰਕਾਰੀ ਸਕੂਲ ਦੇ ਮੈਦਾਨ ਵਿਚ ਈਦ ਮਨਾਉਂਦੇ ਸਨ, ਪਰ ਐਤਕੀਂ ਚੋਣਾਂ ਕਰਕੇ ਉਥੇ ਚੋਣ ਸਟਾਫ ਦਾ ਕਬਜ਼ਾ ਹੈ। ਈਦ ਉਤਸਵ ਕਮੇਟੀ ਨੇ ਤਿੰਨ ਦਿਨ ਪਹਿਲਾਂ ਫਾਦਰ ਜੁਆਏ ਮਸੀਲਾਮਨੀ ਨਾਲ ਸੰਪਰਕ ਕੀਤਾ ਤਾਂ ਉਹ ਮੈਦਾਨ ਦੇਣ ਲਈ ਤੁਰੰਤ ਰਾਜ਼ੀ ਹੋ ਗਏ। ਅਜਿਹਾ ਅੰਤਰ-ਧਰਮ ਮਿਲਵਰਤਣ ਕੇਰਲਾ ਵਿਚ ਆਮ ਹੈ, ਪਰ ਚਰਚ ਵੱਲੋਂ ਈਦ ਦੇ ਨਮਾਜ਼ੀਆਂ ਲਈ ਮੈਦਾਨ ਦੇਣਾ ਉਸ ਵੇਲੇ ਵਧੇਰੇ ਅਹਿਮ ਹੋ ਜਾਂਦਾ ਹੈ, ਜਦੋਂ ਕੁਝ ਚਰਚ 'ਦੀ ਕੇਰਲਾ ਸਟੋਰੀ' ਦਿਖਾ ਰਹੇ ਹਨ। ਸੂਬੇ ਦੇ ਬਹੁਤੇ ਚਰਚ ਇਹ ਫਿਲਮ ਦਿਖਾਉਣ ਦੇ ਕੁਝ ਚਰਚਾਂ ਦੇ ਫੈਸਲੇ ਦੀ ਕਰੜੀ ਅਲੋਚਨਾ ਕਰ ਰਹੇ ਹਨ। ਕੇਰਲਾ ਵਿਚ ਹਿੰਦੂਆਂ ਤੋਂ ਇਲਾਵਾ ਕਾਫੀ ਮੁਸਲਮਾਨ ਤੇ ਈਸਾਈ ਹਨ। ਫਿਰਕੂ ਤੱਤ ਇਨ੍ਹਾਂ ਨੂੰ ਆਪਸ ਵਿਚ ਲੜਾਉਣ ਦੀਆਂ ਗੋਂਦਾਂ ਗੁੰਦਦੇ ਰਹਿੰਦੇ ਹਨ, ਪਰ ਫਿਰਕੂ ਸਦਭਾਵਨਾ ਦੇ ਮਾਮਲੇ ਵਿਚ ਕੇਰਲਾ ਦੇਸ਼ ਅੱਗੇ ਮਿਸਾਲ ਬਣਿਆ ਹੋਇਆ ਹੈ। ਸੂਬੇ ਵਿਚ ਮੁਸਲਮਾਨ ਤੇ ਹਿੰਦੂ ਮਿਲ ਕੇ ਮੰਦਰਾਂ ਵਿਚ ਉਤਸਵ ਮਨਾਉਂਦੇ ਹਨ। ਈਸਾਈ ਤੇ ਹਿੰਦੂ ਚਰਚਾਂ ਵਿਚ ਇਕੱਠੇ ਹੁੰਦੇ ਹਨ। ਮੁਸਲਮਾਨ ਸਾਰੇ ਧਰਮਾਂ ਦੇ ਲੰਗਰਾਂ ਵਿਚ ਮਾਲੀ ਤੇ ਪਦਾਰਥਕ ਮਦਦ ਕਰਦੇ ਹਨ। ਆਮ ਲੋਕ ਮੰਜੇਰੀ ਦੇ ਈਸਾਈਆਂ ਦੀ ਫਰਾਖਦਿਲੀ ਨੂੰ ਅਸਲੀ ਕੇਰਲਾ ਸਟੋਰੀ ਦੱਸ ਕੇ ਪ੍ਰਸੰਸਾ ਕਰ ਰਹੇ ਹਨ। ਮੰਜੇਰੀ ਦੇ ਮੌਲਵੀ ਸੌਧੀਨ ਸਲਾਹੀ ਨੇ ਚਰਚ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਦੇਸ਼ ਦੇ ਸਾਰੇ ਧਰਮਾਂ ਨੂੰ ਇਸੇ ਤਰ੍ਹਾਂ ਮਿਲਵਰਤਣ ਕਰਨਾ ਚਾਹੀਦਾ ਹੈ। ਮੰਜੇਰੀ ਦੀ ਕਹਾਣੀ ਸਦਭਾਵਨਾ ਤੋੜਨ ਦੇ ਜਤਨ ਕਰਨ ਵਾਲੀਆਂ ਨਾਪਾਕ ਤਾਕਤਾਂ ਨੂੰ ਢੁਕਵਾਂ ਜਵਾਬ ਹੈ।

ਅੱਜ ਆਰ ਐੱਸ ਐੱਸ ਤੇ ਭਾਜਪਾ ਵਾਲੇ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡ ਕੇ ਲੋਕ ਸਭਾ ਜਿੱਤਣ ਲਈ ਪੂਰਾ ਤਾਣ ਲਾ ਰਹੇ ਹਨ। ਉਨ੍ਹਾਂ ਦਾ ਮੁਕਾਬਲਾ ਕੇਰਲਾ ਦੇ ਲੋਕਾਂ ਵਰਗੀ ਸੋਚ 'ਤੇ ਚੱਲ ਕੇ ਹੀ ਕੀਤਾ ਜਾ ਸਕਦਾ ਹੈ। ਦੇਸ਼ ਵਿਚ ਜਮਹੂਰੀਅਤ ਤੇ ਫਿਰਕੂ ਇਕਸੁਰਤਾ ਬਚਾਉਣ ਲਈ ਇਹੀ ਇਕ ਰਾਹ ਹੈ।

ਪਾਠਕ-ਸੱਥ

ਵਾਹਨਾਂ ਦੀ ਸਪੀਡ ਲਿਮਟ

ਪਿਛਲੇ ਦਿਨੀਂ ਬਠਿੰਡਾ ਵਿੱਚ ਵਾਪਰੀ ਇੱਕ ਦੁਰਘਟਨਾ ਵਿੱਚ ਬਠਿੰਡਾ ਦੇ ਦਿੱਲੀ ਪਬਲਿਕ ਸਕੂਲ ਦੇ ਸੋਲਾਂ ਸਾਲਾ ਗਿਆਰਵੀਂ ਜਮਾਤ ਦੇ ਵਿਦਿਆਰਥੀ ਦੀ ਤੇਜ਼ ਰਫ਼ਤਾਰ ਗੱਡੀ ਦੇ ਦਰੱਖਤ ਨਾਲ ਟਕਰਾਉਣ ਕਰਕੇ ਮੌਤ ਹੋ ਗਈ।ਇਹ ਵਿਦਿਆਰਥੀ ਅਕਸਰ ਤੇਜ਼ ਰਫਤਾਰ ਗੱਡੀ ਚਲਾਉਂਦਿਆਂ ਆਪਣੀ ਵੀਡਿਉ ਅਤੇ ਪੋਸਟਾਂ ਸੋਸ਼ਲ ਮੀਡੀਏ 'ਤੇ ਸ਼ੇਅਰ ਕਰਦਾ ਰਹਿੰਦਾ ਸੀ।ਤੇਜ਼ ਰਫਤਾਰ ਗੱਡੀ ਚਲਾਉਣ ਦੇ ਸ਼ੌਕ ਕਰਕੇ ਨੌਜਵਾਨ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ । ਸੜਕਾਂ 'ਤੇ ਅਕਸਰ ਅਸੀਂ ਦੇਖਦੇ ਹਾਂ ਕਿ ਨੌਜਵਾਨ ਜ਼ਿਆਦਾਤਰ ਤੇਜ਼ ਰਫ਼ਤਾਰ ਵਾਹਨ ਚਲਾਉਣ ਦੇ ਨਾਲ ਨਾਲ ਉਸ ਦੀ ਵੀਡਿਉ ਬਣਾਉਂਦੇ ਹਨ, ਤਾਂ ਜੋ ਉਹਨਾਂ ਨੂੰ ਸੋਸ਼ਲ ਮੀਡੀਏ 'ਤੇ ਵਧੇਰੇ ਲਾਈਕ ਅਤੇ ਕੁਮੈਂਟ ਮਿਲ ਸਕਣ। ਹੱਥ ਛੱਡ ਕੇ ਮੋਟਰ ਸਾਈਕਲ ਚਲਾਉਣਾ, ਗੱਡੀ ਨੂੰ ਘੁੰਮਾਉਣਾ, ਤੇਜ਼ ਰਫ਼ਤਾਰ ਵਿੱਚ ਗੱਡੀ ਮੋੜਨਾ ਇਹ ਸਾਰਾ ਕੁਝ ਏ ਆਈ ਦੀ ਮਦਦ ਨਾਲ ਫਿਲਮਾਂ ਵਿੱਚ ਬਾਖੂਬੀ ਦਿਖਾਇਆ ਜਾਂਦਾ ਹੈ, ਪ੍ਰੰਤੂ ਅਜੋਕੀ ਨੌਜਵਾਨ ਪੀੜ੍ਹੀ ਇਸ ਸਟੰਟਬਾਜ਼ੀ ਨੂੰ ਹਕੀਕਤ ਵਿੱਚ ਕਰਦੀ ਹੋਈ ਮੌਤ ਦੇ ਮੂੰਹ ਵਿੱਚ ਜਾ ਰਹੀ ਹੈ। ਅਜੋਕੀਆਂ ਫ਼ਿਲਮਾਂ, ਗਾਣੇ ਅਤੇ ਸੋਸ਼ਲ ਮੀਡੀਏ ਨੇ ਨੌਜਵਾਨਾਂ ਨੂੰ ਕੁਰਾਹੇ ਪਾ ਦਿੱਤਾ ਹੈ, ਜਿਸ ਕਰਕੇ ਉਹ ਪੜ੍ਹਨ, ਲਿਖ਼ਣ ਅਤੇ ਆਦਰਸ਼ ਨਾਗਰਿਕ ਬਣਨ ਦੀ ਬਜਾਏ ਪੁੱਠੇ-ਸਿੱਧੇ ਸਟੰਟਬਾਜੀ ਵਿੱਚ ਆਪਣਾ ਸਮਾਂ ਅਤੇ ਪੈਸੇ ਨੂੰ ਬਰਬਾਦ ਕਰਕੇ ਆਪਣੀ ਕੀਮਤੀ ਜਾਨ ਨੂੰ ਵੀ ਜੋਖ਼ਮ ਵਿੱਚ ਪਾ ਰਹੇ ਹਨ। ਉਪਰੋਕਤ ਘਟਨਾ ਵਿੱਚ ਨੌਜਵਾਨ ਦੀ ਉਮਰ ਸੋਲਾਂ ਸਾਲ ਦੀ ਹੈ, ਸੋਲਾਂ ਸਾਲ ਦੇ ਨੌਜਵਾਨ ਨੂੰ ਵਾਹਨ ਚਲਾਉਣ ਦੀ ਇਜਾਜ਼ਤ ਨਹੀਂ ।ਨੌਜਵਾਨ ਵਿੱਚ ਦਿਨੋਂ-ਦਿਨ ਵਧ ਰਹੀ ਕੁਰਾਹੇ ਪੈਣ ਦੀ ਪ੍ਰਵਿਰਤੀ 'ਤੇ ਲਗਾਮ ਕੱਸਣਾ ਬਹੁਤ ਜ਼ਰੂਰੀ ਅਤੇ ਸਮੇਂ ਦੀ ਲੋੜ ਹੈ, ਜਿਸ ਵਿੱਚ ਸਰਕਾਰ, ਪ੍ਰਸ਼ਾਸਨ ਅਤੇ ਹਰ ਇੱਕ ਵਿਅਕਤੀ ਨੂੰ ਆਪਣੀ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ, ਪ੍ਰੰਤੂ ਅਜੇ ਤੱਕ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਦਾ ਕੋਈ ਰਾਹ ਦਿਖਾਈ ਨਹੀਂ ਦੇ ਰਿਹਾ।

-ਰਜਵਿੰਦਰ ਪਾਲ ਸ਼ਰਮਾ, 70873-67969

ਕਦੋਂ ਨਿਕਲੇਗਾ ਸਾਰਥਕ ਹੱਲ ?

ਹਰ ਰੋਜ਼ ਕੁੱਤਿਆਂ ਦੇ ਵੱਡਣ ਜਾਂ ਕੱਟਣ ਨਾਲ ਕਿੰਨੇ ਬੱਚੇ, ਬਜ਼ੁਰਗ ਇਸ ਦਾ ਸ਼ਿਕਾਰ ਹੁੰਦੇ ਨੇ, ਸ਼ਾਇਦ ਇਸ ਦੀ ਗਿਣਤੀ ਕਰਨੀ ਅਸੰਭਵ ਹੈ, ਕਿਉਂਕਿ ਸਾਰੇ ਹਸਪਤਾਲਾਂ ਵਿੱਚ ਦਾਖਲ ਨਹੀਂ ਹੁੰਦੇ। ਅਵਾਰਾਂ ਕੁੱਤਿਆਂ ਦੀ ਗਿਣਤੀ ਲਗਾਤਾਰ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਪਿੱਟਬੁਲ ਅਤੇ ਹੋਰ ਕਈ ਨਸਲਾਂ ਜੋ ਬਹੁਤ ਖਤਰਨਾਕ ਹਨ, ਤੋਂ ਹਰ ਕੋਈ ਡਰਦਾ ਏ , ਜਦੋਂ ਇਸ ਨਸਲ ਦਾ ਕੁੱਤਾ ਕਿਸੇ ਨੇ ਵੀ ਆਪਣੇ ਘਰ ਰੱਖਿਆ ਹੁੰਦਾ ਹੈ ਤਾਂ ਉਸ ਘਰ ਦੇ ਨਾਲ ਲੱਗਦੇ ਆਂਢੀ-ਗੁਆਂਢੀ ਵੀ ਹਰ ਵੇਲੇ ਆਪਣੇ-ਆਪ ਵਿੱਚ ਡਰੇ-ਡਰੇ ਅਤੇ ਸਹਿਮੇ ਮਹਿਸੂਸ ਕਰਦੇ ਨੇ ਕਿਤੇ ਪਿੱਟਬੁੱਲ ਖੁੱਲ੍ਹ ਕੇ ਉਨ੍ਹਾਂ 'ਤੇ ਹਮਲਾ ਨਾ ਕਰ ਦੇਵੇ। ਸਾਡੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਤਾਂ ਕਈ ਗਲੀਆਂ ਇਸ ਤਰ੍ਹਾਂ ਦੀਆਂ ਹਨ, ਜਿੱਥੇ ਅਵਾਰਾ ਕੁੱਤੇ ਬਹੁਤ ਨੇ ਤਾਂ ਉਸ ਗਲੀ ਵਿੱਚੋਂ ਲੋਕ ਜਾਣ ਤੋਂ ਗੁਰੇਜ਼ ਕਰਦੇ ਨੇ। ਸਵੇਰ ਸਮੇਂ ਆਮ ਦੇਖਿਆ ਗਿਆ ਕਿ ਅਵਾਰਾ ਕੁੱਤੇ ਹਰ ਵਹੀਕਲ ਦੇ ਮਗਰ ਥੋੜ੍ਹੀ ਦੂਰੀ ਤੱਕ ਦੌੜਦੇ ਨੇ, ਇਨ੍ਹਾਂ ਤੋਂ ਬਚਣ ਲਈ ਜਾਂ ਇਨ੍ਹਾਂ ਨੂੰ ਬਚਾਉਂਦੇ ਹੋਏ ਕਈ ਵਾਰ ਚਾਲਕ ਆਪਣਾ ਸੰਤੁਲਨ ਗਵਾ ਬੈਠਦਾ ਹੈ ਅਤੇ ਦੁਰਘਟਨਾਂ ਦਾ ਸ਼ਿਕਾਰ ਹੋ ਜਾਂਦਾ ਹੈ। ਕਈ ਹਾਲਤਾਂ ਵਿੱਚ ਤਾਂ ਚਾਲਕ ਨੂੰ ਆਪਣੀ ਜਾਨ ਵੀ ਗਵਾਉਣੀ ਪੈਂਦੀ ਹੈ। ਹਰ ਰੋਜ਼ ਕੋਈ ਨਾ ਕੋਈ ਇਸ ਤਰਾਂ ਦੀ ਘਟਨਾ ਮੀਡੀਆ ਰਾਹੀ ਸਾਡੇ ਸਾਹਮਣੇ ਆ ਰਹੀ ਹੈ, ਭਾਵੇਂ ਸਰਕਾਰ ਵਲੋਂ ਕੁੱਤੇ ਦੇ ਕੱਟਣ ਜਾਂ ਵੱਢਣ ਦਾ ਭਾਰੀ ਜੁਰਮਾਨਾ ਵੀ ਰੱਖਿਆ ਗਿਆ, ਪਰ ਅਜੇ ਤੱਕ ਵੀ ਘਟਨਾਵਾਂ ਲਗਾਤਾਰ ਘਟ ਰਹੀਆਂ ਹਨ। ਜੇਕਰ ਪਿੰਡਾਂ ਵਿੱਚ ਪੰਚਾਇਤਾਂ ਅਤੇ ਸ਼ਹਿਰਾਂ ਵਿੱਚ ਮਿਉਸਪਲ ਕੌਂਸਲਰਾਂ ਨੂੰ ਇਸ ਕੰਮ ਲਈ ਉਤਸ਼ਾਹਤ ਕੀਤਾ ਜਾਵੇ ਅਤੇ ਇਸ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ, ਐਨ ਜੀ ਓ ਨਾਲ ਸੰਪਰਕ ਕੀਤਾ ਜਾਵੇ ਤਾਂ ਸ਼ਾਇਦ ਸੋਨੇ 'ਤੇ ਸੁਹਾਗਾ ਹੋ ਜਾਵੇ।

-ਕੰਵਰਦੀਪ ਸਿੰਘ ਭੱਲਾ (ਪਿੱਪਲਾਂਵਾਲਾ), ਸੰਪਰਕ : 99-881-94776

ਦੇਸ਼ ਨੂੰ ਦਰਪੇਸ਼ ਸਮੱਸਿਆਵਾਂ, ਹਕੂਮਤੀ ਦਾਅਵੇ ਤੇ ਹਕੀਕਤਾਂ-1

ਡਾ. ਅਨੂਪ ਸਿੰਘ

ਭਾਰਤੀ ਲੋਕਾਂ ਦੀ ਸਭ ਤੋਂ ਵੱਡੀ ਸਮੱਸਿਆ ਗਰੀਬੀ ਤੇ ਘੋਰ ਗੁਰਬਤ ਹੈ । ਬਦਕਿਸਮਤੀ ਨੂੰ ਸਵੈ-ਸ਼ਾਸਨ ਦੇ ਲਗਭਗ 77 ਸਾਲਾਂ ਬਾਅਦ ਵੀ ਕਥਿਤ 'ਅੰਮ੍ਰਿਤ ਕਾਲ' 'ਚ ਅੱਜ ਵੀ ਇਕ-ਚੌਥਾਈ ਵੱਸੋਂ ਗਰੀਬੀ ਤੇ ਲੋੜਾਂ-ਥੋੜ੍ਹਾਂ ਦੀ ਭੰਨੀ ਪਈ ਹੈ । ਉਨ੍ਹਾਂ 'ਚੋਂ ਵੱਡੀ ਗਿਣਤੀ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ । ਪੌਸ਼ਟਿਕ ਭੋਜਨ ਤੇ ਦੁੱਧ-ਫਲ ਉਨ੍ਹਾਂ ਲਈ 21ਵੀਂ ਸਦੀ ਦੇ ਤੀਜੇ ਦਹਾਕੇ 'ਚ ਵੀ ਦੁਰਲੱਭ ਹਨ । ਭਾਰਤੀ ਲੋਕਾਂ ਨੂੰ ਦਰਪੇਸ਼ ਦੂਜੀ ਵੱਡੀ ਸਮੱਸਿਆ ਬੇਰੁਜ਼ਗਾਰੀ ਦੀ ਹੈ। ਪੰਦਰਾਂ ਤੋਂ 65 ਸਾਲ ਆਯੂ-ਗੁੱਟ ਦਾ ਹਰ ਚੌਥਾ ਵਿਅਕਤੀ ਬੇਰੁਜ਼ਗਾਰ ਹੈ। ਇਕ ਹੋਰ ਚੌਥਾ ਹਿੱਸਾ, ਜਿਹੜਾ ਕੰਮ 'ਤੇ ਤਾਂ ਲੱਗਾ ਹੋਇਆ ਹੈ, ਪਰ ਉਸ ਦੀ ਉਜ਼ਰਤ/ਤਨਖ਼ਾਹ ਪੰਜ ਹਜ਼ਾਰ ਤੋਂ 15 ਹਜ਼ਾਰ ਦੇ ਦਰਮਿਆਨ ਹੈ । ਖੇਤੀ ਖੇਤਰ 'ਚ ਵੱਡੀ ਪੱਧਰ 'ਤੇ ਲੁਕਵੀਂ ਤੇ ਅਰਧ-ਬੇਰੁਜ਼ਗਾਰੀ ਹੈ ।

ਭਾਰਤੀ ਲੋਕਾਂ ਨੂੰ ਦਰਪੇਸ਼ ਤੀਜੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਰਾਸ਼ਟਰੀ ਆਮਦਨ ਤੇ ਦੌਲਤ ਤੇਜ਼ੀ ਨਾਲ ਕੁਝ ਹੱਥਾਂ 'ਚ ਸਿਮਟਦੀ ਜਾ ਰਹੀ ਹੈ, ਪਰ ਹੇਠਲੀ 70% ਵਸੋਂ ਨੂੰ ਕੁਝ ਬੁਰਕੀਆਂ ਦੇ ਕੇ ਭਰਮਾਇਆ ਜਾ ਰਿਹਾ ਹੈ । ਤਕਨੀਕ, ਮੀਡੀਆ ਤੇ ਦੌਲਤ ਉੱਪਰ ਚੰਦ ਘਰਾਣਿਆਂ ਦਾ ਕਬਜ਼ਾ ਹੋ ਰਿਹਾ ਹੈ । ਉਹ ਹੁਣ ਲੋਕਾਂ 'ਤੇ ਮਾਨਸਿਕ-ਬੌਧਿਕ ਕਬਜ਼ਾ ਵੀ ਜਮਾ ਰਹੇ ਹਨ । ਸੰਖੇਪ ਵਿਚ ਨਾ-ਬਰਾਬਰੀ/ਅਸਾਵਾਂਪਨ ਹਰ ਖੇਤਰ 'ਚ ਵਧ ਰਿਹਾ ਹੈ ਭਾਰਤੀ ਲੋਕਾਂ ਨੂੰ ਸਿੱਖਿਅਤ ਤੇ ਸਿਹਤਮੰਦ ਬਣਾਉਣ ਲਈ ਕੇਂਦਰੀ ਬਜਟ ਦਾ 20% ਹਿੱਸਾ ਅਤੇ ਰਾਜਾਂ ਦਾ ਬਜਟ ਦਾ 30% ਰੱਖਣਾ ਚਾਹੀਦਾ ਹੈ । ਦੂਜੇ ਸ਼ਬਦਾਂ 'ਚ ਭਾਰਤੀ ਹਾਕਮਾਂ ਨੂੰ ਇਨ੍ਹਾਂ ਦੋ ਅਤੀ ਮਹੱਤਵਪੂਰਨ ਮੁੱਦਿਆਂ ਸਿੱਖਿਆ ਤੇ ਸਿਹਤ ਉੱਪਰ ਕੁੱਲ ਘਰੇਲੂ ਉਤਪਾਦਨ ਦਾ ਘੱਟ ਤੋਂ ਘੱਟ 10% ਹਿੱਸਾ ਖਰਚ ਕਰਨਾ ਚਾਹੀਦਾ ਹੈ, ਪਰ ਭਾਰਤੀ ਹਾਕਮ ਅੱਜ ਤੱਕ ਕਦੇ ਵੀ ਚਾਰ ਪ੍ਰਤੀਸ਼ਤ ਤੋਂ ਵੱਧ ਖਰਚ ਨਹੀਂ ਕਰਦੇ । ਸਿੱਟਾ ਇਹ ਹੈ ਕਿ ਅਜੇ ਵੀ ਇਕ-ਚੌਥਾਈ ਭਾਰਤੀ ਨਿਰਅੱਖਰ ਤੇ ਅਨਪੜ੍ਹ ਹਨ । ਇਹੀ ਹਾਲ ਭਾਰਤੀ ਲੋਕਾਂ ਦੀ ਸਿਹਤ ਤੇ ਸਿਹਤ-ਸਹੂਲਤਾਂ ਦਾ ਹੈ ।

ਪੰਜਵੀਂ ਸਭ ਤੋਂ ਵੱਡੀ ਸਮੱਸਿਆ ਖੇਤੀ ਖੇਤਰ ਵਿਚ ਆਈ ਖੜੋਤ ਨੂੰ ਤੋੜਨਾ ਅਤੇ ਪੇਂਡੂ ਜੀਵਨ ਵਿਚ ਪਸਰੀ ਵਿਆਪਕ ਨਿਰਾਸ਼ਤਾ ਨੂੰ ਦੂਰ ਕਰਨਾ ਹੈ । ਇਸ ਲਈ ਪੇਂਡੂ ਸਿੱਖਿਆ ਤੇ ਸਿਹਤ-ਤੰਤਰ ਨੂੰ ਹਰ ਸੰਭਵ ਹੱਦ ਤੱਕ ਮਜ਼ਬੂਤ ਕਰਨਾ ਚਾਹੀਦਾ ਹੈ । ਕੇਂਦਰੀ ਤੇ ਸੂਬਾਈ ਖਰਚਿਆਂ ਦਾ ਅੱਧਾ ਹਿੱਸਾ ਖੇਤੀਬਾੜੀ, ਸਿੱਖਿਆ ਤੇ ਸਿਹਤ ਸੇਵਾਵਾਂ 'ਤੇ ਖਰਚ ਕਰਨਾ ਹੋਵੇਗਾ । ਖੇਤੀ ਆਧਾਰਤ ਸਨਅਤਾਂ ਸਮੇਤ ਲਘੂ, ਛੋਟੀ ਤੇ ਦਰਮਿਆਨੀ ਸਨਅਤ ਨੂੰ ਮਜ਼ਬੂਤ ਕਰਨਾ ਹੋਵੇਗਾ ਤਾਂ ਜੋ ਬੇਰੁਜ਼ਗਾਰੀ ਨੂੰ ਠੱਲ੍ਹ ਪੈ ਸਕੇ ।

ਦੇਸ਼ ਦੇ ਸੰਘੀ ਢਾਂਚੇ (ਫੈਡਰਲਿਜ਼ਮ) ਨੂੰ ਲਾਈ ਜਾ ਰਹੀ ਢਾਹ ਤੇ ਵਧ ਰਹੇ ਕੇਂਦਰੀਕਰਨ ਨੂੰ ਬਰੇਕਾਂ ਲਾਉਣੀਆਂ ਹੋਣਗੀਆਂ । ਧਾਰਾ 370 ਨੂੰ ਬਹਾਲ ਕਰਨਾ ਤੇ ਸੀਮਾ ਸੁਰੱਖਿਆ ਬਲਾਂ ਨੂੰ ਕੌਮਾਂਤਰੀ ਸਰਹੱਦਾਂ ਤੋਂ ਪੰਜਾਹ ਕਿਲੋਮੀਟਰ ਤੱਕ ਨਿਰੀਖਣ ਤੇ ਦੋਸ਼ੀਆਂ ਨੂੰ ਫੜਨ ਦੀ ਇਜਾਜ਼ਤ ਦੇਣੀ ਸੰਘੀ ਢਾਂਚੇ ਨਾਲ ਖਿਲਵਾੜ ਹੈ । ਜੀ ਐੱਸ ਟੀ ਨੇ ਰਾਜਾਂ ਦੇ ਵਿੱਤੀ ਅਧਿਕਾਰਾਂ 'ਤੇ ਡਾਕਾ ਮਾਰਿਆ ਹੈ । ਰਾਜ ਹੁਣ ਕੇਂਦਰੀ ਹਾਕਮਾਂ ਦੇ ਰਹਿਮੋ-ਕਰਮ 'ਤੇ ਹਨ । ਅਸਲ ਵਿਚ ਭਾਰਤੀ ਰਾਜ ਦੀ ਨੈਤਿਕ ਦਿਸ਼ਾ ਗੁਆ ਦਿੱਤੀ ਗਈ ਹੈ । ਅੰਧ-ਰਾਸ਼ਟਰਵਾਦ ਥੋਪਿਆ ਜਾ ਰਿਹਾ ਹੈ ਅਤੇ ਲੋਕਤੰਤਰ ਸਿਲਸਿਲੇਵਾਰ ਤਬਾਹ ਕੀਤਾ ਜਾ ਰਿਹਾ ਹੈ । ਘਿਨਾਉਣੇ ਅਪਰਾਧ, ਸਮੂਹਿਕ ਕਤਲ ਅਤੇ ਨਸਲੀ ਸਫਾਏ ਦਾ ਗੁਣ-ਗਾਇਨ ਕੀਤਾ ਜਾ ਰਿਹਾ ਹੈ ।

ਇਸ ਲਈ ਧਾਰਮਿਕ, ਜਾਤੀਗਤ, ਖੇਤਰੀ ਤੇ ਆਰਥਿਕ-ਸਮਾਜਿਕ ਵਖਰੇਵੇਂ ਘਟਾਉਣੇ ਹੋਣਗੇ; ਫਿਰਕੂ ਸੰਕੀਰਨਤਾ ਤੇ ਤਣਾਅ ਨੂੰ ਘਟਾਉਣਾ ਤੇ ਖਤਮ ਕਰਨਾ ਹੋਵੇਗਾ ; ਦਲਿਤਾਂ ਤੇ ਔਰਤਾਂ ਵਿਰੁੱਧ ਅੱਤਿਆਚਾਰਾਂ ਤੇ ਅਨਿਆਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਬੇਧਿਆਨੀ ਘਾਤਕ ਹੋਵੇਗੀ ਅਤੇ ਫਿਰਕੂ ਕੱਟੜਤਾ ਤੇ ਬੁਨਿਆਦਪ੍ਰਸਤੀ ਨੂੰ ਕਰੜੇ ਹੱਥੀਂ ਲੈਣਾ ਹੋਵੇਗਾ । ਅੰਧ-ਵਿਸ਼ਵਾਸਾਂ ਵਿਰੁੱਧ ਲੋਕ ਚੇਤਨਾ ਨੂੰ ਉਚਿਆਉਂਦਿਆਂ ਵਿਗਿਆਨਕ ਮਾਨਸਿਕਤਾ ਤੇ ਸੁਭਾਅ ਨੂੰ ਵਿਕਸਤ ਕਰਨਾ ਜ਼ਰੂਰੀ ਹੈ । ਵਾਤਾਵਰਣਕ ਸੁਧਾਰ ਹੁਣ ਅਣਸਰਦੀ ਲੋੜ ਹੈ । ਦੇਸ਼ ਦੀ ਕੁਦਰਤੀ ਵੰਨ-ਸੁਵੰਨਤਾ, ਜੈਵਿਕ, ਸਮਾਜਿਕ ਤੇ ਰਾਜਨੀਤਕ ਵੰਨ-ਸੁਵੰਨਤਾ ਅਤੇ ਪੂਜਾ-ਪਾਠ ਤੇ ਅਰਾਧਨਾ ਦੀ ਵੰਨ-ਸੁਵੰਨਤਾ ਕਾਇਮ ਰੱਖਣਾ ਬੇਹੱਦ ਜ਼ਰੂਰੀ ਹੈ । ਇਨ੍ਹਾਂ ਸਭ ਮਸਲਿਆਂ 'ਤੇ ਬੁੱਧੀਜੀਵੀਆਂ, ਚਿੰਤਕਾਂ ਤੇ ਲੇਖਕਾਂ/ਸਾਹਿਤਕਾਰਾਂ ਨੂੰ ਬੋਲਣਾ-ਲਿਖਣਾ ਚਾਹੀਦਾ ਹੈ ।

ਸਾਲ 2013-14 ਦੌਰਾਨ ਮੋਦੀ ਤੋਂ ਲੈ ਕੇ ਭਾਜਪਾ ਦੇ ਹੇਠਲੇ ਆਗੂਆਂ ਤੱਕ ਨੇ ਭਾਰਤੀ ਲੋਕਾਂ ਨਾਲ ਇਹ ਵਾਅਦ

12-APRIL-PAGE-5.qxd 4/11/2024 10:33 PM Page 1

ਸਾਇਲੋ ਘੇਰਨ ਦੇ ਸੱਦੇ 'ਤੇ ਕਿਸਾਨਾਂ ਵੱਲੋਂ ਡੀ ਸੀ ਦਫ਼ਤਰ ਅੱਗੇ ਰੋਸ ਧਰਨਾ

ਮੁਕਤਸਰ (ਸ਼ਮਿੰਦਰਪਾਲ/ਪੂਜਾ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪੰਜਾਬ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਿਸਾਨਾਂ ਨੇ ਜ਼ਿਲ੍ਹਾ ਕਮੇਟੀ ਦੀ ਅਗਵਾਈ ਹੇਠ ਸਾਇਲੋ ਗੁਦਾਮ ਘੇਰਨ ਦੇ ਸੱਦੇ 'ਤੇ ਡੀ ਸੀ ਦਫ਼ਤਰ ਮੁਕਤਸਰ ਅੱਗੇ ਰੋਸ ਧਰਨਾ ਦਿੱਤਾ ਤੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਪੰਜਾਬ ਸਰਕਾਰ ਦੇ ਨਾਂਅ ਮੰਗ ਪੱਤਰ ਵੀ ਦਿੱਤਾ।

ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਸੀਨੀਅਰ ਮੀਤ ਪ੍ਰਧਾਨ ਗੁਰਪਾਸ਼ ਸਿੰਘ ਸਿੰਘੇਵਾਲਾ, ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ, ਸਹਾਇਕ ਸਕੱਤਰ ਤੇ ਬਲਾਕ ਗਿੱਦੜਬਾਹਾ ਦੇ ਪ੍ਰਧਾਨ ਗੁਰਮੀਤ ਸਿੰਘ ਬਿੱਟੂ ਮੱਲਣ ਅਤੇ ਹਰਫੂਲ ਸਿੰਘ ਭਾਗਸਰ ਨੇ ਦੱਸਿਆ ਕਿ ਪੰਜਾਬ ਅੰਦਰ ਕਾਰਪੋਰੇਟ ਘਰਾਣਿਆਂ ਦੇ ਸਾਇਲੋ ਗੁਦਾਮ ਬਣੇ ਹੋਏ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਾਇਲੋ ਗੁਦਾਮਾਂ ਵਿੱਚ ਸਸਤੇ ਭਾਅ ਅਨਾਜ ਖਰੀਦ ਕੇ ਸਟੋਰੇਜ ਕੀਤਾ ਜਾਵੇਗਾ, ਫਿਰ ਲੋਕਾਂ ਨੂੰ ਮਹਿੰਗੇ ਭਾਅ ਵੇਚਿਆ ਜਾਵੇਗਾ, ਜਿਸ ਨਾਲ ਪੰਜਾਬ ਦੀਆਂ ਮੰਡੀਆਂ ਦਾ ਭੋਗ ਪਾਇਆ ਜਾਵੇਗਾ।ਜੇਕਰ ਪੰਜਾਬ ਦੀਆਂ ਦਾਣਾ ਮੰਡੀਆਂ ਪ੍ਰਾਈਵੇਟ ਘਰਾਣਿਆਂ ਕੋਲ ਚਲੀਆਂ ਜਾਣਗੀਆਂ ਤਾਂ ਕਿਸਾਨਾਂ ਦੇ ਨਾਲ ਨਾਲ ਪੱਲੇਦਾਰਾਂ, ਟਰੱਕ ਆਪ੍ਰੇਟਰਾਂ, ਆੜ੍ਹਤੀਆਂ ਸਮੇਤ ਗੁਦਾਮਾਂ ਦੀ ਲੇਬਰ ਦੀ ਵੀ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਵਧੇਗੀ। ਪ੍ਰਾਈਵੇਟ ਘਰਾਣਿਆਂ ਦੇ ਪੰਜਾਬ ਵਿੱਚ ਜੋ ਸਾਇਲੋ ਬਣੇ ਹੋਏ ਹਨ, ਉਨ੍ਹਾਂ ਨੂੰ ਪੰਜਾਬ ਸਰਕਾਰ ਖਰੀਦ ਕਰਕੇ ਐੱਫ ਸੀ ਆਈ ਦੇ ਕਬਜ਼ੇ ਹੇਠ ਲਿਆ ਕੇ ਸਰਕਾਰੀ ਅਨਾਜ ਦੀ ਖਰੀਦ ਕਰਕੇ ਆਪਣੇ ਤੌਰ 'ਤੇ ਸਟਰੋਜ ਕਰੇ ਤਾਂ ਜੋ ਗਰੀਬ ਲੋਕਾਂ ਨੂੰ ਸਸਤਾ ਅਨਾਜ ਮੁਹੱਈਆ ਕਰਵਾਇਆ ਜਾ ਸਕੇ। ਇਸ ਨੂੰ ਲੈ ਕੇ ਕਿਸਨਾਂ ਵੱਲੋਂ ਪੂਰੇ ਪੰਜਾਬ ਵਿੱਚ ਸਾਇਲੋ ਗੁਦਾਮਾਂ ਦੇ ਘਿਰਾਓ ਕੀਤੇ ਗਏ ਅਤੇ ਡੀ ਸੀ ਦਫ਼ਤਰਾਂ ਵਿੱਚ ਧਰਨੇ ਦਿੱਤੇ ਗਏ। ਧਰਨੇ ਦੌਰਾਨ ਕਿਸਾਨਾਂ ਵੱਲੋਂ ਚਿਤਾਵਨੀ ਦਿੱਤੀ ਗਈ ਕਿ ਮੰਗਾਂ ਲਾਗੂ ਕਰਵਾਉਣ ਤੱਕ ਸੰਘਰਸ਼ ਜਾਰੀ ਰਹੇਗਾ।

ਧਰਨੇ ਵਿੱਚ ਬਲਾਕ ਮੁਕਤਸਰ ਦੇ ਪ੍ਰਧਾਨ ਰਾਜਾ ਸਿੰਘ ਮਹਾਂਬੱਧਰ, ਸੁਖਰਾਜ ਸਿੰਘ ਰੁੜਿਆਂਵਾਲੀ, ਹਰਚਰਨ ਸਿੰਘ ਲੱਖੇਵਾਲੀ, ਲੰਬੀ ਬਲਾਕ ਦੇ ਜਨਰਲ ਸਕੱਤਰ ਮਲਕੀਤ ਸਿੰਘ ਗੱਗੜ, ਸੁਖਬੀਰ ਸਿੰਘ ਵਿੜਗਖੇੜਾ, ਜਗਦੀਪ ਸਿੰਘ, ਗੁਰਤੇਜ ਸਿੰਘ ਖੁੱਡੀਆਂ, ਦਵਿੰਦਰ ਸਿੰਘ ਮਾਨਾ ਗਿੱਦੜਬਾਹਾ ਦੇ ਸੀਨੀਅਰ ਮੀਤ ਪ੍ਰਧਾਨ ਅਜੈਬ ਸਿੰਘ ਮੱਲਣ, ਮੀਤ ਪ੍ਰਧਾਨ ਜੋਗਿੰਦਰ ਸਿੰਘ ਬੁੱਟਰ ਸਰੀਂਹ, ਹਰਪਾਲ ਸਿੰਘ ਚੀਮਾ ਧੂਲਕੋਟ ਸਮੇਤ ਵੱਡੀ ਗਿਣਤੀ 'ਚ ਕਿਸਾਨ ਹਾਜ਼ਰ ਸਨ।

ਅੱਗ ਲੱਗਣ ਕਾਰਨ ਮੌਤ ਹੋਈ ਮਿੱਡ-ਡੇ-ਮੀਲ ਵਰਕਰ ਦੇ ਪਰਵਾਰ ਨੂੰ ਯੋਗ ਮੁਆਵਜ਼ਾ ਤੇ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ : ਰਾਜੀਵ ਹਾਂਡਾ

ਨਿਗੂਣੀਆਂ ਤਨਖਾਹਾਂ ਤੇ ਮਾਣ ਭੱਤੇ 'ਤੇ ਕੰਮ ਕਰਦੇ ਸਮੂਹ ਵਰਕਰਾਂ ਨੂੰ ਘੱਟੋ ਘੱਟ ਤਨਖਾਹ ਉਜ਼ਰਤ ਦੇ ਘੇਰੇ 'ਚ ਲਿਆਂਦਾ ਜਾਵੇ : ਬਲਵਿੰਦਰ ਸਿੰਘ ਭੁੱਟੋ

ਜ਼ੀਰਾ (ਨਰਿੰਦਰ ਅਨੇਜਾ)-ਗੌਰਮਿੰਟ ਟੀਚਰਜ਼ ਯੂਨੀਅਨ ਫ਼ਿਰੋਜ਼ਪੁਰ ਦੇ ਪ੍ਰਧਾਨ ਰਾਜੀਵ ਹਾਂਡਾ, ਬਲਵਿੰਦਰ ਸਿੰਘ ਭੁੱਟੋ, ਬਲਵਿੰਦਰ ਸਿੰਘ ਸੰਧੂ ਨੇ ਬੀਤੇ ਦਿਨੀਂ ਸਰਕਾਰੀ ਪ੍ਰਾਇਮਰੀ ਸਕੂਲ ਮਾਛੀਵਾੜਾ ਖਾਮ (ਲੁਧਿਆਣਾ) ਵਿਖੇ ਗੈਸ ਸਿਲੰਡਰ ਲੀਕ ਹੋਣ 'ਤੇ ਅੱਗ ਲੱਗਣ ਕਾਰਨ ਮਿੱਡ ਡੇ ਮੀਲ ਵਰਕਰ ਮਨਜੀਤ ਕੌਰ ਦੀ ਹੋਈ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਨਜੀਤ ਕੌਰ ਦੇ ਪਰਿਵਾਰ ਨੂੰ 20 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ ਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।ਜਗਸੀਰ ਸਿੰਘ ਗਿੱਲ, ਜਸਵਿੰਦਰ ਸਿੰਘ ਮਮਦੋਟ, ਗੁਰਚਰਨ ਸਿੰਘ ਕਲਸੀ ਨੇ ਕਿਹਾ ਕਿ ਪਹਿਲਾਂ ਵੀ ਪੰਜਾਬ ਵਿੱਚ ਇਸ ਤਰ੍ਹਾਂ ਦੇ ਕਈ ਹਾਦਸੇ ਹੋਣ ਕਾਰਨ ਕਈ ਵਰਕਰਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ, ਪਰ ਸਰਕਾਰ ਵੱਲੋਂ ਕੁੱਕ ਵਰਕਰਾਂ ਦੀ ਸੁਰੱਖਿਆ ਲਈ ਕੋਈ ਯੋਗ ਕਦਮ ਨਹੀਂ ਚੁੱਕੇ ਗਏ। ਇਸ ਸਮੇਂ ਆਗੂਆਂ ਨੇ ਮੰਗ ਕੀਤੀ ਕਿ ਨਿਗੂਣੀਆਂ ਤਨਖ਼ਾਹਾਂ ਤੇ ਮਾਣ ਭੱਤੇ 'ਤੇ ਕੰਮ ਕਰ ਰਹੇ ਦਰਜਾ ਚਾਰ ਮੁਲਾਜ਼ਮਾਂ 'ਤੇ ਘੱਟੋ ਘੱਟ ਉਜ਼ਰਤ ਦਾ ਕਨੂੰਨ ਲਾਗੂ ਕੀਤਾ ਜਾਵੇ ਤੇ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇ।ਸਕੂਲਾਂ ਵਿੱਚ ਰਸੋਈਆਂ ਵਿੱਚ ਅੱਗ ਰੋਕੂ ਯੰਤਰਾਂ ਦਾ ਪ੍ਰਬੰਧ ਕੀਤਾ ਜਾਵੇ, ਸਾਰੇ ਵਰਕਰਾਂ ਦਾ ਸਰਕਾਰ ਵੱਲੋਂ ਮੁਫਤ ਬੀਮਾਂ ਕੀਤਾ ਜਾਵੇ, ਸਾਲ ਵਿੱਚ ਗਰਮੀਆਂ ਤੇ ਸਰਦੀਆਂ ਦੀਆਂ ਵਰਦੀਆਂ ਮੁਹੱਈਆ ਕਰਵਾਈਆਂ ਜਾਣ ਆਦਿ।ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਫ਼ਿਰੋਜ਼ਪੁਰ ਦੇ ਆਗੂ ਗੌਰਵ ਮੁੰਜਾਲ, ਸ਼ਹਿਨਾਜ਼ ਨਰੂਲਾ, ਹਰਪਾਲ ਸਿੰਘ, ਭੁਪਿੰਦਰ ਸਿੰਘ, ਸੁਖਵਿੰਦਰ ਸਿੰਘ, ਬਲਜਿੰਦਰ ਸਿੰਘ, ਰਾਜਿੰਦਰ ਸਿੰਘ ਰਾਜਾ, ਸੰਦੀਪ ਕੁਮਾਰ, ਬਲਵਿੰਦਰ ਕੌਰ ਬਹਿਲ, ਸੰਜੀਵ ਕੁਮਾਰ, ਰਣਜੀਤ ਸਿੰਘ ਖਾਲਸਾ, ਪ੍ਰਦੀਪ ਕੁਮਾਰ, ਗਗਨਦੀਪ ਬੱਟੀ, ਸੰਜੀਵ ਕੁਮਾਰ, ਸੰਦੀਪ ਸਹਿਗਲ, ਗੁਰਮੀਤ ਸਿੰਘ ਧੰਮ ਆਦਿ ਹਾਜ਼ਰ ਸਨ।

ਨਰੇਗਾ ਕਾਮਿਆਂ ਦੀਆਂ ਸਮੱਸਿਆਵਾਂ ਨੂੰ ਲੈ ਕੇ 16 ਨੂੰ ਬੀ ਡੀ ਪੀ ਓ ਦਫ਼ਤਰ ਅੱਗੇ ਦਿੱਤੇ ਜਾਣਗੇ ਧਰਨੇ : ਜਗਸੀਰ ਖੋਸਾ

ਮੋਗਾ (ਇਕਬਾਲ ਸਿੰਘ ਖਹਿਰਾ) ਨਰੇਗਾ ਕਾਮਿਆਂ ਦੇ ਮਸਲਿਆਂ, ਮੰਗਾਂ ਤੇ ਸੱਸਿਆਵਾਂ ਨੂੰ ਲੈ ਕੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਬਲਾਕ ਮੋਗਾ 1 ਦੀ ਮੀਟਿੰਗ ਸਵਰਾਜ ਸਿੰਘ ਢੁੱਡੀਕੇ ਦੀ ਪ੍ਰਧਾਨਗੀ ਹੇਠ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋਈ। ਇਸ ਮੌਕੇ ਨਰੇਗਾ ਕਾਮਿਆਂ ਦੀ 2024-25 ਦੇ ਸਾਲ ਦੇ ਲਈ ਕੇਂਦਰ ਸਰਕਾਰ ਵੱਲੋਂ ਸਿਰਫ਼ 19 ਰੁਪਏ ਵਧਾਉਣ ਲਈ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਨਿਖੇਧੀ ਕਰਦਿਆਂ ਮੰਗ ਕੀਤੀ ਕਿ ਕਿ ਪੰਜਾਬ ਵਿੱਚ ਨਰੇਗਾ ਕਾਮਿਆਂ ਲਈ ਦਿਹਾੜੀ ਰੇਟ 431 ਰੁਪਏ ਲਾਗੂ ਕੀਤੀ ਜਾਵੇ। ਇਸ ਮੌਕੇ ਯੂਨੀਅਨ ਦੇ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਨੇ ਸੰਬੋਧਨ ਕਰਦਿਆਂ ਕਿਹਾ ਗੁਵਾਂਢੀ ਰਾਜ ਹਰਿਆਣਾ ਦੀ ਦਿਹਾੜੀ 274 ਰੁਪਏ ਕੀਤੀ ਜਾ ਰਹੀ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਿੱਥੇ ਕੇਂਦਰ ਸਰਕਾਰ ਪੰਜਾਬ ਦੇ ਨਰੇਗਾ ਕਾਮਿਆਂ ਨਾਲ ਧ੍ਰੋਹ ਕਮਾ ਰਹੀ ਹੈ, ਉੱਥੇ ਪੰਜਾਬ ਸਰਕਾਰ ਦੀ ਨੀਅਤ ਵੀ ਸਾਫ਼ ਦਿਖਾਈ ਨਹੀਂ ਦੇ ਰਹੀ, ਕਿਉਂਕਿ ਐਕਟ ਅਨੁਸਾਰ ਕਿਸੇ ਰਾਜ ਵਿੱਚ ਦਿਹਾੜੀ ਕਿੰਨੀ ਹੋਵੇ? ਇਸ ਦੀ ਸਿਫਾਰਸ਼ ਕਰਦੀ ਚਿੱਠੀ ਰਾਜ ਸਰਕਾਰ ਨੇ ਕੇਂਦਰ ਨੂੰ ਭੇਜਣੀ ਹੁੰਦੀ ਹੈ, ਪਰ ਲੱਗਦਾ ਹੈ ਕਿ ਪੰਜਾਬ ਦੀ ਆਮ ਆਦਮੀ ਦੀ ਸਰਕਾਰ ਇਸ ਨੇ ਇਹ 431 ਰੁਪਏ ਵਾਲੀ ਚਿੱਠੀ ਕੇਂਦਰ ਸਰਕਾਰ ਨੂੰ ਨਹੀਂ ਭੇਜੀ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਆਮ ਆਦਮੀ ਦੀ ਸਰਕਾਰ ਵੱਲੋਂ ਨਰੇਗਾ ਐਕਟ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਦੇ ਲੀਡਰਾਂ ਵੱਲੋਂ ਨਰੇਗਾ ਮੁਲਾਜ਼ਮਾਂ ਤੇ ਅਫਸਰਾਂ 'ਤੇ ਹੱਦੋਂ ਵੱਧ ਰਾਜਨੀਤਕ ਦਬਾਅ ਬਣਾਇਆ ਜਾ ਰਿਹਾ ਹੈ, ਜਿਸ ਕਾਰਨ ਮਜ਼ਦੂਰਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਨੂੰਨ ਨੂੰ ਅਣਗੌਲਿਆਂ ਕਰਕੇ ਆਪਣੇ ਚਹੇਤਿਆਂ ਨੂੰ ਨਰੇਗਾ ਮੇਟ ਵਗੈਰਾ ਬਣਾ ਕੇ ਆਪਣਾ ਨਜਾਇਜ਼ ਦਬਦਬਾ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਜੋ ਕਿ ਅਤਿ ਨਿੰਦਣਯੋਗ ਹੈ। ਯੂਨੀਅਨ ਆਗੂਆਂ ਨੇ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਸਟੇਟ ਦੇ ਸੱਦੇ ਤੇ ਜ਼ਿਲ੍ਹੇ ਦੇ ਫੈਸਲੇ ਮੁਤਾਬਕ ਬਲਾਕ ਮੋਗਾ 1 ਤੇ ਬਲਾਕ ਮੋਗਾ 2 ਦਾ ਸਾਂਝਾ ਧਰਨਾ 16 ਅਪ੍ਰੈਲ ਨੂੰ ਬੀ.ਡੀ.ਪੀ.ਓ. ਦਫ਼ਤਰ ਵਿਖੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੰਮ ਦੇ ਦਿਨਾਂ ਦੀ ਗਾਰੰਟੀ 200 ਦਿਨ ਕਰਵਾਉਣ, ਨਰੇਗਾ ਕੰਮ 'ਤੇ ਮੌਤ ਜਾਂ ਬਿਲਕੁਲ ਨਕਾਰਾ ਹੋਣ ਤੇ ਮਿਲਣ ਵਾਲੀ ਐਕਗਰੇਸ਼ੀਆ ਗਰਾਂਟ 25000 ਤੋਂ ਵਧਾ ਕੇ 5 ਲੱਖ ਕਰਵਾਉਣ, ਆਨਲਾਈਨ (ਐੱਨ.ਐੱਮ.ਐੱਮ.ਐੱਸ. ਐਪ ਰਾਹੀਂ) ਹਾਜ਼ਰੀ ਦੀ ਥਾਂ ਸਿਰਫ਼ ਮਸਟਰੋਲ 'ਤੇ ਲਗਵਾਉਣ, ਨਰੇਗਾ ਦਿਹਾੜੀ 1000 ਰੁਪਏ ਕਰਵਾਉਣ ਆਦਿ ਮੰਗਾਂ ਲਈ ਯੂਨੀਅਨ ਸੰਘਰਸ਼ ਜਾਰੀ ਰੱਖੇਗੀ। ਇਸ ਮੌਕੇ ਬੋਹੜ ਸਿੰਘ ਬੁੱਟਰ, ਜਸਵੀਰ ਸਿੰਘ ਮੱਲ੍ਹੀਆਂ, ਬਿੰਦਰ ਸਿੰਘ ਝੰਡੇਆਣਾ, ਅਮਨਦੀਪ ਕੌਰ ਤੇ ਰਾਜ ਕੌਰ ਨੱਥੂਵਾਲਾ ਹਾਜ਼ਰ ਸਨ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਯੂਨੀਅਨ ਦੇ ਜਨਰਲ ਸਕੱਤਰ ਜਗਸੀਰ ਖੋਸਾ।

ਕਾਤਰਾਂ

ਸ਼ੋਕ ਸਮਾਚਾਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬਲਾਕ ਸੰਮਤੀ ਦੇ ਸਾਬਕਾ ਚੇਅਰਮੈਨ ਸੋਹਣ ਲਾਲ ਸ਼ੇਰਪੁਰੀ ਦੇ ਵੱਡੇ ਭਰਾ ਹਰੀਸ਼ ਕੁਮਾਰ ਨਮਿੱਤ ਭੋਗ ਤੇ ਅੰਤਿਮ ਅਰਦਾਸ 14 ਅਪ੍ਰੈਲ ਨੂੰ 1 ਤੋਂ 2 ਵਜੇ ਤੱਕ ਸ਼ਿਵ ਮੰਦਰ, ਸੈਕਟਰ-21 ਪੰਚਕੂਲਾ ਹਰਿਆਣਾ ਵਿਖੇ ਹੋਵੇਗੀ।

ਲੋਕ ਸਭਾ ਫਤਿਹਗੜ੍ਹ ਸਾਹਿਬ ਦੀ ਪਹਿਲੀ ਪਸੰਦ ਚਰਨਜੀਤ ਸਿੰਘ ਚੰਨੀ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਤਿੰਨ ਮਹੀਨੇ ਦੀ ਸਰਕਾਰ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕੀਤੇ ਗਏ ਤੇ ਹਰ ਵਰਗ ਦੇ ਲੋਕਾਂ ਦੇ ਕੰਮ ਕਰਵਾਏ ਗਏ। ਚਰਨਜੀਤ ਚੰਨੀ ਇੱਕ ਇਮਾਨਦਾਰ ਪੜ੍ਹੇ ਲਿਖੇ ਵਿਅਕਤੀ ਹਨ, ਜਿਨ੍ਹਾਂ ਨੂੰ ਲੋਕ ਸਭਾ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਉਮੀਦਵਾਰ ਉਤਾਰਦੀ ਹੈ ਤਾਂ ਉਹ ਲੋਕ ਸਭਾ ਦੀ ਸੀਟ ਹਾਸਲ ਕਰਨਗੇ ਅਤੇ ਨੌਂ ਹਲਕਿਆਂ ਦੇ ਲੋਕਾਂ ਦੀ ਪਸੰਦ ਚੰਨੀ ਹਨ। ਸੂਤਰਾਂ ਮੁਤਾਬਕ ਸਰਵੇ ਕਰਾਏ ਗਏ, ਜਿਨ੍ਹਾਂ ਵਿੱਚ ਚਰਨਜੀਤ ਚੰਨੀ ਦਾ ਪਹਿਲੇ ਨੰਬਰ 'ਤੇ ਨਾਮ ਆਇਆ ਹੈ। ਚਰਨਜੀਤ ਚੰਨੀ ਦੇ ਆਉਣ ਨਾਲ ਲੋਕ ਸਭਾ ਦੇ ਹਲਕੇ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਨੇ ਆਪਣੀ ਸਰਕਾਰ ਵਿੱਚ ਹਰ ਵਰਗ ਦੇ ਲੋਕਾਂ ਨੂੰ ਹਰ ਇੱਕ ਸਹੂਲਤ ਦਿੱਤੀ ਹੈ, ਜਿਸ ਕਰਕੇ ਲੋਕ ਇਨ੍ਹਾਂ ਨੂੰ ਪਸੰਦ ਕਰਦੇ ਹਨ। ਲੋਕ ਸਭਾ ਫਤਿਹਗੜ੍ਹ ਸਾਹਿਬ ਦੇ ਨੌਂ ਹਲਕਿਆਂ ਦੇ ਲੋਕਾਂ ਦੀ ਮੰਗ ਹੈ ਕਿ ਚਰਨਜੀਤ ਚੰਨੀ ਨੂੰ ਉਮੀਦਵਾਰ ਬਣਾਇਆ ਜਾਵੇ, ਜਿਸ ਨਾਲ ਲੋਕ ਸਭਾ ਦੀ ਫਤਿਹਗੜ੍ਹ ਸਾਹਿਬ ਦੀ ਸੀਟ 'ਤੇ ਕਾਂਗਰਸ ਜਿੱਤ ਹਾਸਲ ਕਰੇਗੀ।

ਪੁਲਸ ਨੂੰ ਦੇਖ ਕਰੋੜਾਂ ਦੀ ਹੈਰੋਇਨ ਸੜਕ 'ਤੇ ਸੁੱਟ ਕੇ ਭੱਜੇ ਨਸ਼ਾ ਤਸਕਰ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਜ਼ਿਲ੍ਹੇ 'ਚ ਨਸ਼ਾ ਤਸਕਰ ਪੁਲਸ ਦੇ ਸਾਹਮਣੇ ਕਰੋੜਾਂ ਰੁਪਏ ਦੀ ਹੈਰੋਇਨ ਦਾ ਨਸ਼ੀਲਾ ਪਦਾਰਥ ਸੁੱਟ ਕੇ ਫਰਾਰ ਹੋ ਗਏ।ਪੁਲਸ ਨੇ ਦੋ ਅਣਪਛਾਤੇ ਨਸ਼ਾ ਤਸਕਰਾਂ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਤਲਵੰਡੀ ਭਾਈ ਥਾਣੇ ਦੇ ਇੰਚਾਰਜ ਚਰਨ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਨਾਲ ਪਿੰਡ ਤੁੰਬੜ ਭਾਨ ਵੱਲ ਜਾ ਰਹੇ ਸਨ, ਉਦੋਂ ਸਾਹਮਣੇ ਤੋਂ ਇੱਕ ਮੋਟਰਸਾਈਕਲ ਆਉਂਦਾ ਦੇਖਿਆ ਗਿਆ।ਪੁਲਸ ਟੀਮ ਨੂੰ ਦੇਖ ਕੇ ਬਾਈਕ ਸਵਾਰ ਇਕਦਮ ਰੁਕ ਗਏ ਤੇ ਫਿਰ ਪਿੱਛੇ ਮੁੜ ਕੇ ਭੱਜਣ ਲੱਗੇ।ਇਸ ਦੌਰਾਨ ਭੱਜਦੇ ਹੋਏ ਦੋਨੋਂ ਬਾਈਕ ਸਵਾਰਾਂ ਨੇ ਬੈਗ ਸੜਕ 'ਤੇ ਸੁੱਟ ਦਿੱਤਾ।ਪੁਲਸ ਨੇ ਜਦੋਂ ਬੈਗ ਦੀ ਚੈਕਿੰਗ ਕੀਤੀ ਤਾਂ ਉਸ ਵਿੱਚੋਂ 1 ਕਿੱਲੋ 350 ਗ੍ਰਾਮ ਹੈਰੋਇਨ ਬਰਾਮਦ ਹੋਈ।ਥਾਣਾ ਸਦਰ ਦੇ ਇੰਚਾਰਜ ਨੇ ਦੱਸਿਆ ਕਿ ਮੁਲਜ਼ਮ, ਜਿਸ ਮੋਟਰਸਾਈਕਲ 'ਤੇ ਸਵਾਰ ਸਨ, ਉਹ ਹੀਰੋ ਹੌਂਡਾ ਸਪਲੈਂਡਰ ਸੀ, ਪਰ ਉਹ ਫੜੇ ਨਹੀਂ ਜਾ ਸਕੇ, ਕਿਉਂਕਿ ਮੁਲਜ਼ਮ ਨਸ਼ੀਲਾ ਪਦਾਰਥ ਸੁੱਟ ਕੇ ਮੌਕੇ ਤੋਂ ਫ਼ਰਾਰ ਹੋ ਗਏ।ਫਿਲਹਾਲ ਪੁਲਸ ਨੇ ਦੋ ਅਣਪਛਾਤੇ ਦੋਸ਼ੀਆਂ ਖਿਲਾਫ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸੜਕ 'ਤੇ ਲੱਗੇ ਸੀਸੀਟੀਵੀ ਫੁਟੇਜ ਨੂੰ ਵੀ ਦੇਖ ਰਹੀ ਹੈ।ਮੁਲਜ਼ਮਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

ਅਨਮੋਲ 14 ਨੂੰ ਹਲਕਾ ਕੋਟਕਪੂਰਾ 'ਚ ਪੁੱਜਣਗੇ : ਢਿੱਲਵਾਂ, ਧਾਲੀਵਾਲ, ਪੱਕਾ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਸਿੰਘ ਅਨਮੋਲ 14 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰਕੇ ਚੋਣ ਮੁਹਿਮ ਨੂੰ ਭਖਾਉਣਗੇ। ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਢਿੱਲਵਾਂ, ਮਨਪ੍

page-6-12-Apri.-2024.qxd 4/11/2024 10:51 PM Page 1

ਕਾਂਗਰਸ ਦਾ ਗੜ੍ਹ ਮੰਨਿਆ ਗਿਐ ਹਲਕਾ ਫਿਰੋਜ਼ਪੁਰ ਦਿਹਾਤੀ : ਮੇਹਰ ਸਿੰਘ, ਆਸ਼ੂ ਬੰਗੜ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਨੂੰ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਸ਼ੂ ਬੰਗੜ ਹਲਕਾ ਇੰਚਾਰਜ ਕਾਂਗਰਸ ਪਾਰਟੀ ਫਿਰੋਜ਼ਪੁਰ ਦਿਹਾਤੀ ਤੇ ਬਸਤੀ ਭਾਗ ਸਿੰਘ ਵਾਲੀ ਤੋਂ ਕਾਂਗਰਸ ਪਾਰਟੀ ਦੇ ਟਕਸਾਲੀ ਆਗੂ ਮੇਹਰ ਸਿੰਘ ਸੰਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਦਿਹਾਤੀ ਦੀ ਜਨਤਾ ਨੇ ਹਮੇਸ਼ਾ ਹੀ ਕਾਂਗਰਸ ਪਾਰਟੀ ਨੂੰ ਮਨਾ ਮੂੰਹ ਪਿਆਰ ਬਖਸ਼ਿਆ ਦੇ ਅਸੀਂ ਪੁਰਜ਼ੋਰ ਦਾਅਵਾ ਕਰਦੇ ਹਾਂ ਫਿਰਕਾਪ੍ਰਸਤ ਲੋਕਾਂ ਨੂੰ ਫਿਰੋਜ਼ਪੁਰ ਦਿਹਾਤੀ ਦੀ ਜਨਤਾ ਕਦੇ ਮੂੰਹ ਨਹੀਂ ਲਾਉਣਗੇ ਤੇ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਭਾਰਤ ਦੀ ਪਹਿਲੀ ਪਸੰਦ ਬਣ ਕੇ ਉਭਰੇਗੀ।ਇਸ ਮੌਕੇ ਸਰਬਜੀਤ ਕੌਰ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਬਲਾਕ ਪ੍ਰਧਾਨ ਕੰਵਲਪ੍ਰੀਤ ਸਿੰਘ ਗਿੱਲ, ਮਨੀਸ਼ ਕੁਮਾਰ ਸੁਲਹਾਣੀ, ਸੁਲੱਖਣ ਸਿੰਘ ਸੁਲਹਾਣੀ, ਜਤਿੰਦਰ ਸਿੰਘ ਗੋਪੀ ਔਲਖ ਬਲਾਕ ਸੰਮਤੀ ਮੈਂਬਰ, ਸੁਖਵਿੰਦਰ ਸਿੰਘ ਸ਼ੀਸ਼ਾ ਸੰਧੂ, ਰੂਪ ਲਾਲ ਵੱਤਾ, ਦੇਸ ਰਾਜ ਅਹੂਜਾ ਸ਼ਹਿਰੀ ਪ੍ਰਧਾਨ ਤਲਵੰਡੀ ਭਾਈ, ਕਮਲਜੀਤ ਅਗਰਵਾਲ ਸ਼ਹਿਰੀ ਪ੍ਰਧਾਨ ਮੁੱਦਕੀ, ਹਰਪਾਲ ਸਿੰਘ ਸੋਢੀ ਸ਼ਹਿਰੀ ਪ੍ਰਧਾਨ ਮਮਦੋਟ, ਗੁਰਬਖਸ਼ ਸਿੰਘ ਭਾਵੜਾ ਬਲਾਕ ਪ੍ਰਧਾਨ ਮਮਦੋਟ, ਬਾਜ਼ ਐੱਮ ਸੀ, ਇਕਬਾਲ ਸਿੰਘ ਸਰਪੰਚ, ਪੁਸ਼ਪਿੰਦਰ ਸਿੰਘ ਸੰਧੂ, ਬਲਜਿੰਦਰ ਸਿੰਘ ਥਿੰਦ, ਖੰਡਾ ਸਿੰਘ, ਬੋਹੜ ਸਿੰਘ, ਦਾਰਾ ਸਿੰਘ ਸਰਪੰਚ, ਰਾਵਿੰਦਰ ਸਿੰਘ ਤੂਤ, ਭੁਪਿੰਦਰ ਸਿੰਘ ਪੱਤਲੀ, ਭੁਪਿੰਦਰ ਸਿੰਘ ਨੰਬਰਦਾਰ, ਮੱਖਣ ਸਿੰਘ ਐੱਮ ਸੀ, ਕੁਲਬੀਰ ਸਿੰਘ ਠੇਠਰ ਕਲਾਂ, ਅਮਨਦੀਪ ਕੌਰ ਹਕੂਮਤ ਵਾਲਾ, ਜਗਸੀਰ ਸਿੰਘ ਖੋਸਾ, ਸਤਨਾਮ ਸਿੰਘ ਢਿੱਲੋਂ, ਲਖਵਿੰਦਰ ਸਿੰਘ ਲੱਖਾ ਜੰਬਰ ਸਾਬਕਾ ਬਲਾਕ ਪ੍ਰਧਾਨ, ਹੰਸਾ ਸਿੰਘ ਕਾਲੂ ਅਰਾਈਆਂ, ਬਲਜਿੰਦਰ ਸਿੰਘ, ਬਲਦੇਵ ਸਿੰਘ ਸਾਬਕਾ ਸਰਪੰਚ ਮੋਹਰੇ ਵਾਲਾ, ਸੁਖਵਿੰਦਰ ਸਿੰਘ, ਅਮਨਦੀਪ ਸਿੰਘ ਸਿੰਘ ਘੱਲ ਖੁਰਦ, ਗੁਰਦਿੱਤ ਸਿੰਘ, ਮਨਪ੍ਰੀਤ ਸਿੰਘ ਭੁੱਲਰ, ਅੰਗਰੇਜ਼ ਸਿੰਘ ਗਾਮੇ ਵਾਲਾ, ਕਮਲ ਗਿੱਲ ਸੋਨੂੰ ਨਿੱਜੀ ਸਕੱਤਰ ਤੇ ਹੋਰ ਵੀ ਹਾਜ਼ਰ ਸਨ।

ਪ੍ਰਿੰਸੀਪਲ ਨੇ ਬੱਚਿਆਂ ਨੂੰ ਈਦ ਦੇ ਤਿਉਹਾਰ ਤੋਂ ਜਾਣੂ ਕਰਵਾਇਆ

ਕਾਲਾ ਸੰਘਿਆਂ (ਮਨਜੀਤ ਮਾਨ)- ਬਾਬਾ ਗੁਰਮੇਜ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਸੈਦਰਾਣਾ ਸਾਹਿਬ ਪਾਤਸ਼ਾਹੀ ਸੱਤਵੀਂ ਪਿੰਡ ਬਿੱਲੀ ਬੜੈਚ ਅਤੇ ਚੇਅਰਮੈਨ ਨਿਰਮਲ ਸਿੰਘ ਦੇਖ ਰੇਖ ਹੇਠ ਚੱਲ ਰਹੀ ਸੰਸਥਾ ਗੁਰੂ ਹਰਿ ਰਾਇ ਸਾਹਿਬ ਅਕੈਡਮੀ ਕਾਹਲਵਾਂ ਜ਼ਿਲ੍ਹਾ ਕਪੂਰਥਲਾ ਵਿਖੇ ਵਿਦਿਆਰਥੀਆਂ ਵੱਲੋਂ ਈਦ ਦੇ ਤਿਉਹਾਰ ਸਬੰਧੀ ਗਤੀਵਿਧੀਆਂ ਕਰਵਾਈਆਂ ਗਈਆਂ। ਇਹਨਾਂ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਵੱਲੋਂ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ।ਜਿਸ ਵਿੱਚ ਕੇ.ਜੀ ਵਿੰਗ ਦੇ ਬੱਚਿਆਂ ਵੱਲੋਂ ਪੇਂਟਿਗ ਬਣਾਈਆਂ ਗਈਆਂ। ਇਸ ਦੌਰਾਨ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਈਦ ਦੇ ਪਵਿੱਤਰ ਤਿਉਹਾਰ ਦੀ ਵਧਾਈ ਦਿੰਦਿਆਂ ਆਖਿਆ ਕਿ ਈਦ ਦਾ ਤਿਉਹਾਰ ਵੀ ਬਾਕੀ ਤਿਉਹਾਰਾਂ ਦੀ ਤਰ੍ਹਾਂ ਦੇਸ਼ਾਂ ਵਿਦੇਸ਼ਾਂ ਵਿੱਚ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਆਪਸੀ ਸਾਂਝੀਵਾਲਤਾ ਅਤੇ ਇਤਫ਼ਾਕ ਦਾ ਪ੍ਰਤੀਕ ਹੈ। ਉਹਨਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਆਖਿਆ ਕਿ ਅਸੀਂ ਬੇਸ਼ੱਕ ਜਿਸ ਮਰਜ਼ੀ ਧਰਮ ਨਾਲ ਸਬੰਧ ਰੱਖਦੇ ਹਾਂ ਪਰ ਸਾਨੂੰ ਸਭ ਨੂੰ ਹਰ ਧਰਮ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਮਿਲ਼ ਜੁਲ ਕੇ ਇਕ ਪਰਵਾਰ ਦੀ ਤਰ੍ਹਾਂ ਰਹਿਣਾ ਚਾਹੀਦਾ ਹੈ। ਇਸ ਮੌਕੇ ਤੇ ਮੈਡਮ ਰਜਨੀ ਰਾਣੀ ਕੁਲਾਰ, ਰਜਿੰਦਰ ਕੌਰ, ਰਮਨਪ੍ਰੀਤ ਕੌਰ, ਨੇਹਾ ਸ਼ਰਮਾ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸੀ।

ਸ਼ਾਹਕੋਟ ਖੇਤਰ 'ਚ ਪਹਿਲੀ ਵਾਰ ਖਾਦ ਦਾ ਰੈਕ ਪੁਆਇੰਟ ਸਥਾਪਤ

ਸ਼ਾਹਕੋਟ (ਗਿਆਨ ਸੈਦਪੁਰੀ) ਰੇਲਵੇ ਸਟੇਸ਼ਨ ਸਾਹਕੋਟ - ਮਲਸੀਆਂ ਵਿਖੇ ਖਾਦ ਦਾ ਰੈਕ ਪੁਆਇੰਟ ਸਥਾਪਿਤ ਹੋਣ ਨਾਲ ਇਸ ਖੇਤਰ ਵਿੱਚ ਜਿੱਥੇ ਖਾਦ ਦੀ ਕਿੱਲਤ ਨਹੀ ਆਵੇਗੀ ਉੱਥੇ ਮਜਦੂਰਾਂ ਨੂੰ ਵਧੇਰੇ ਕੰਮ ਮਿਲ ਸਕੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਦੀ ਸ਼ਾਹਕੋਟ ਟਰੱਕ ਉਪਰੇਟਰ ਵੈਲਫੇਅਰ ਸੁਸਾਇਟੀ ਸ਼ਾਹਕੋਟ ਦੇ ਖਜਾਨਚੀ ਗੁਲਜਾਰ ਸਿੰਘ ਥਿੰਦ ਨੇ ਕੀਤਾ। ਉਹ ਵੀਰਵਾਰ ਨੂੰ ਖਾਦ ਦੇ ਰੈਕ ਵਿੱਚੋਂ ਲੋਡ ਹੋਏ ਟਰੱਕ ਨੂੰ ਹਰੀ ਝੰਡੀ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇੱਥੇ ਦੱਸਣਯੋਗ ਹੈ ਕਿ ਚੰਬਲ ਫਰਟੀਲਾਈਜ਼ਰ ਐਂਡ ਕੈਮੀਕਲਜ਼ ਲਿਮਟਿਡ ਵੱਲੋਂ ਠੇਕੇਦਾਰ ਸੁਰਜੀਤ ਲਾਲ ਨਵਾ ਸ਼ਹਿਰ ਦੀ ਫਰਮ ਗੁਰਵਿੰਦਰ - ਵਨੀਤ ਐਂਡ ਕੰਪਨੀ ਰਾਹੀਂ ਪਹਿਲੀ ਵਾਰ ਸ਼ਾਹਕੋਟ ਰੇਲਵੇ ਸਟੇਸ਼ਨ 'ਤੇ ਖਾਦ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਜਲਦੀ ਹੀ ਇਫਕੋ ਵੱਲੋਂ ਵੀ ਯੂਰੀਆ ਖਾਦ ਦੇ ਰੈਕ ਆਉਣੇ ਵੀ ਸ਼ੁਰੂ ਹੋ ਜਾਣਗੇ। ਇਸ ਤਰ੍ਹਾਂ ਖਾਦ ਦਾ ਕੰਮ ਹੋਰ ਵਿਸਥਾਰ ਲੈ ਲਵੇਗਾ। ਇਹ ਦੱਸਣਾ ਵੀ ਕੁਥਾਂ ਨਹੀ ਹੋਵੇਗਾ ਕਿ ਰੈਕ ਪੁਆਇੰਟ ਬਣਨ ਨਾਲ ਮਜਦੂਰਾਂ ਅੰਦਰ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਚੌਧਰੀ ਹਰਮੇਸ਼ ਲਾਲ ਨੇ ਦੀ ਸ਼ਾਹਕੋਟ ਟਰੱਕ ਉਪਰੇਟਰ ਵੈਲਫੇਅਰ ਸੁਸਾਇਟੀ ਦੇ ਖਜਾਨਚੀ ਗੁਲਜਾਰ ਸਿੰਘ ਥਿੰਦ, ਹੋਰ ਅਹੁਦੇਦਾਰਾਂ ਤੇ ਮਜਦੂਰਾਂ ਨੂੰ ਵਧਾਈ ਦਿੰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਦਲੀਪ ਸਿੰਘ,ਅਜੇ ਕੁਮਾਰ (ਦੋਵੇਂ ਸੈਕਟਰੀ), ਨਿਸ਼ਾਨ ਸਿੰਘ, ਸਵਰਨ ਸਿੰਘ, ਮਨਜੀਤ ਸਿੰਘ, ਜਸਪਾਲ ਸਿੰਘ, ਤੀਰਥ ਸਿੰਘ, ਤਰਸਿੰਦਰ ਸਿੰਘ, ਬਲਵਿੰਦਰ ਸਿੰਘ, ਸੁਖਮਿੰਦਰ ਪਾਲ (ਸਾਰੇ ਮੈਂਬਰ) ਅਤੇ ਬਹੁਤ ਸਾਰੇ ਟਰੱਕ ਮਾਲਕ ਅਤੇ ਡਰਾਈਵਰ ਵੀਰ ਹਾਜਰ ਸਨ ।

COURT NOTICE

U/o 5 Rule 20 CPC)
(Succession Case)
In the Court of
Sh. Gagandeep Singh Garg
Civil Judge (Senior Division)-
N.R.I. Court, Jalandhar
CNR No. PBJL02-000723-2024
Next Date :- 06-05-2024
Gurcharan Singh
Vs.
General Public
Notice To : General Public
General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 06.05.2024 at 10:00 A.M.

For details logon to https://highcourtchd.gov.in/?trs=district_notice&district= Jalandhar

Civil Judge (Senior Division)-
N.R.I. Court, Jalandhar
Dated this day of 09-04-2024

COURT NOTICE

(U/o 5 Rule 20 CPC)
In the Court of Dr. Deepti Gupta
Additional Principal Judge Family
Court, Malerkotla
Petition U/S 13
CNR No. PBSGF4-000290-2023
Next Date : 07-05-2024
Balwant Singh
Vs
Simarjit Kaur
Publication Issued to :

Simarjit Kaur W/o Balwant Singh S/o Swaran Singh R/o Village Jitwal Khurd, Tehsil Ahmedgarh Distt. Malerkotla Now Residing with her mother Smt. Manjit Kaur W/o Late Jarnail Singh at Joginder Nagar, Haibowal Kalan opposite J.P. Studio Ludhiana, 2nd Address : Simarjit Kaur D/o Jarnail Singh R/o Village Balloke,Tehsil and Distt. Ludhiana.

In above titled case, the defendant (s)/ respondent(s) could not be served. It is ordered that defendant(s) respondent(s) should appear in person or through counsel on 07.05.2024 at 10:00 A.M.

For details logon to https://highcourtchd.gov.in/?trs=district_notice&district= Sangrur

Additional Principal Judge Family
Court, Malerkotla
Dated, this day of 05.04.2024

COURT NOTICE

(U/o 5 Rule 20 CPC)
In the Court of Dr. Deepti Gupta
Additional Principal Judge Family
Court, Malerkotla
9 HMA
CNR No. PBSGF4-000111-2022
Next Date : 13-05-2024
Dinesh Kumar
Vs
Sushma Rani
Publication Issued to :

Sushma Rani W/o Dinesh Kumar S/o Raj Kumar R/o Jhund Wala Darwaza, Thane Wali Gali, Near Shiv Mandir, Amargarh, Distt. Malerkotla Now Resident at Modian Wala Mohalla Near Devi Mandir Amargarh Distt. Malerkotla, Now Residing at Anand Nager, Theka Road, Khanna Kartar Nagar Gali No. 7 Singh Avenue.

In above titled case, the defendant (s)/ respondent(s) could not be served. It is ordered that defendant(s) respondent(s) should appear in person or through counsel on 13.05.2024 at 10:00 A.M.

For details logon to https://highcourtchd.gov.in/?trs=district_notice&district= Sangrur

Additional Principal Judge Family
Court, Malerkotla
Dated, this day of 05.04.2024

COURT NOTICE

(U/o 5 Rule 20 CPC)
In the Court of Sh. Akbar Khan
Judicial Magistrate-1st Class-3,
Patiala
CNR No. PBPT03-010475-2019
Next Date :- 06-05-2024
M/S Axis Bank Ltd. through
Gurpreet Singh
Vs.
Lal Mani Misra
Publication Issued to :
Lal Mani Misra R/o Village Darapur, Moga 142048, 2nd Address C/o Indian Oil Corpn. Ltd. Vill. Darapur, Moga.

In above titled case, the accused could not be served. It is ordered that accused should appear in person or through counsil on 06.05.2024 at 10:00 A.M.

For details logon to https://highcourtchd.gov.in/?trs=district_notice&district= Patiala

Judicial Magistrate-1st Class-3,
Patiala
Dated, this day of 08.04.2024

COURT NOTICE

(U/o 5 Rule 20 CPC)
In the Court of Ms. Archana Kamboj
Principal Judge Family Court,
Jalalabad
CNR No. PBFZF5-000013-2013
Next Date :- 29-05-2024
Krishan Chand
Vs.
Sumitra Rani
Publication Issued to :
Sumitra Rani
Spouse :- Krishan Chand (D/o Ram Chand) R/o Village Mohan Ke Hithar, Tehsil Guruharshai, Distt. Ferozepur.

In above titled case, the defendant(s)/ respondent(s) could not be served. It is ordered that defendant(s) /respondent(s) should appear in person or through counsel on 29.05.2024 at 10:00 A.M.

For details logon to https://highcourtchd.gov.in/?trs=district notice&district= Fazilka

Principal Judge Family Court,
Jalalabad
Dated this day of 03-04-2024

ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-02/24-25 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 03.05.2024 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ। ਐਨ.ਆਈ.ਟੀ:

ਕੰਮ ਦਾ ਨਾਮ	ਫਿਰੋਜਪੁਰ ਮੰਡਲ ਤੇ ਮਧ-ਸੈਕਸ਼ ਇੰਟਰਲਾਕਡ ਐਲ-ਅਕਸਿੰਗ ਗੇਟਾਂ ਤੇ ਰੋਡ ਸਿਗਨਲ ਦਾ ਪ੍ਰਾਵਧਾਨ।		
ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ	03.05.2024 15:00	ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ	09.04.2024 17:20
ਅੰਦਾਜਨ ਲਾਗਤ	₹67,33,754.42	ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ	19.04.2024
ਬਿਆਨਾ ਰਾਸ਼ੀ (ਰੁ)	₹1,34,700/-	ਕੰਮ ਪੂਰਾ ਕਰਨ ਦਾ ਸਮਾਂ	06 ਮਹੀਨੇ

ਨਿਵਿਦਾ ਸੂਚਨਾ ਨੰ. 433-ਸਿਗ- ਟੀ-02-24-25 ਮਿਤੀ: 10.04.2024 1066/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।

ਕੇਸ ਨੰ: 418/ਐੱਫ. ਟੀ. ਸੀ./ਐੱਨ.ਆਰ. ਆਈਜ਼

ਕੇਸ ਅਨੁਵਾਨ - ਕਸ਼ਮੀਰ ਕੌਰ ਅਤੇ ਹੋਰ ਬਨਾਮ ਸੁਖਵੀਰ ਸਿੰਘ ਅਤੇ ਹੋਰ

ਖੇਵਟ ਨੰ:- 258, 159, 266, 267, 366 ਵਾਕਿਆ ਪਿੰਡ -ਗੜ੍ਹੀ ਮਹਾ ਸਿੰਘ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 1. Kashmir Kaur aged about 64 years wife of Sh. Kulwant Singh S/o Sh. Gurmail Singh , 2. Kulwant Singh aged about 59 years S/o Sh. Gurmail Singh S/o Sh. Pakhar Singh both resident of Village Gari Maha Singh, Tehsil Phillaur District Jalandhar and presently residing at House No. 5 Moss Gardens, Bilston, West Midlands, WV14 9YE, England,United Kingdom, 3. Jaswinder Singh aged about 60 years S/o Sh. Gurmail Singh S/o Sh. Pakhar Singh resident of Village Gari Maha Singh, Tehsil Phillaur, District Jalandhar, 4. Harmesh Kaur aged about 63 years W/o Jaswinder Singh S/o Gurmail Singh S/o Sh. Pakhar Singh resident of Village Gari Maha Singh, Tehsil Phillaur,Distt. Jalandhar. (Applicant)

ਨੋਟਿਸ ਬਨਾਮ -

1. Sukhvir Singh S/o Mahinder Singh S/o Kesar Singh, 2. Gurdial Singh S/o Sukhvir Singh S/o Mahinder Singh, 3. Jaswinder Kaur Wd/o Resham Singh S/o Gurdeep Singh, 4. Paramjit Kaur D/o Resham Singh S/o Gurdeep Singh, 5. Pardeep Singh S/o Resham Singh S/o Gurdeep Singh, 6. Jaswinder Kaur Wd/o Resham Singh S/o Deep Singh, 7. Bhajno W/o Des Raj S/o Bula Ram,8. Amarjit Singh S/o Piara Singh S/o Thakur Singh, 9. Jaspal Singh S/o Piara Singh S/o Thakur Singh now deceased, a. Jasvir Kaur (Widow of Jaspal Singh), b. Kulwant Singh (Son of Jaspal Singh) , c. Jagdish Singh (Son of Jaspal Singh), 10. Piara Singh S/o Thakur Singh S/o Jarnail Singh S/o Miaya now deceased a. Amarjit Singh Son (already impleadedas Respondent No.8), b. Jaspal Singh (Son impleaded as Respondent No.9 already deceased), c. Parkash Kaur widow of Piara Singh. All Resident of Village Gari Maha Singh, Tehsil Phillaur, Distt. Jalandhar. (Respondents)

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 18.04.2024 ਨੂੰ ਦੁਪਹਿਰ 02.00 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੋ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 2/4/2024 ਨੂੰ ਮੇਰੇ ਦਸਤਖਤ ਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰ: 344/ਰੀਡਰ/ਡੀ. ਆਰ. ਓ. ਮਿਤੀ : 02.04.2024

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ

Change of Name

I, Sonu S/o Gopal Dass R/O 2931/A, Gali No.1, Azad Nagar, Putlighar, Amritsar, Punjab Have Changed My Name From Sonu To Sonu Trehan. concerned Note.

I,Naveen Kumar S/O Vijay Aggarwal R/O 5 D,Lane No.1,Fgc Road, Varindavan Garden, Nangli, Amritsar, Punjab Have Changed My Name From Naveen Kumar To Naveen Aggarwal. concerned Note.

I, Pooja W/O Naveen Aggarwal R/O 5 D, Lane No.1, Varindavan Garden, Fatehgarh Churian Road, Amritsar, Punjab Have Changed My Name From Pooja To Pooja Aggarwal. concerned Note.

I, hitherto Known as Kuldip Kaur W/o Dalvir R/o Vill. Jamalpur P.O. Sadana Distt. Jalandhar (Pb.)-144303 have Changed my name and Shall hereafter be known as Kuldeep Kaur. All Concerned please note.

I, Aarti W/o Harish Kumar R/o VPO Bohan Distt. Hoshiarpur have changed my name to Aarti Kumari. Concerned Note.

I, Himani D/o Harmesh Lal, R/o Village Khera, P.O. Jamsher Khas, Distt. Jalandhar Pb. India have changed my name from Himani to Himani Dadra. All please note.

I, Kulwinder Kaur wife of Harmesh Lal, R/o Village Khera, P.O. Jamsher Khas, Distt. Jalandhar Pb. India have changed my minor daughter name from Daweena to Davina Dadra. All please note.

I, Kulwinder Kaur wife of Harmesh Lal, R/o Village Khera, P.O. Jamsher Khas, Distt. Jalandhar Pb. India have changed my minor daughter name from Jasmeen to Jasmeen Dadra. All please note.

I Ajit Paul S/O Sohan Lal R/O VPO. Raipur Rasulpur PS. Maqsudan distt. Jalandhar-144012.Have changed my name from Ajit Paul to Ajit Pal.All concerned, please note .

I Priya D/o Rattan Lal R/o Teh and PO Dasuya Fatehullapur Distt. Hoshiarpur ,Punjab. Have changed my name from Priya to Priya Jassi. All concerned, please note .

I Gagandeep Hanji S/o Naresh Kumar R/o V.P.O. Mahilpur, Haveli, Hoshiarpur, ADFA@E, Punjab changed my name from Gagandeep Hanji to Gagan Deep Hanji.

I Ravi Thapar S/O Krishan Lal R/O House No. NA - BDF Kishan Pura Near Balmik Mandir Jalandhar Declare That I Have Changed My Name From Ravi Thapar To Ravi Kumar Thapar .

I, Kujit Kaur W/O Manjit Singh R/O Village Mari Megha Tehsil Patti District Tarn Taran Have Changed My Name From Kujit Kaur To Kuljit Kaur

I, Jiwan Krishan Mehra S/O Kedar Nath R/O H.no.16, Blue City Meerankot Road, Near Cambrige School Amritsar Have Changed My Name From Jiwan Krishan Mehra To Jeewan Krishan Mehra

I, Vijay Mehra W/O Jeewan Krishan Mehra R/O H.no.16, Blue City Meerankot Road, Near Cambrige School Amritsar Have Changed My Name From Vijay Mehra To Vijay Laxmi Mehra

I, Minakshi Sharma W/O Gurvinder Kumar R/O Hno

12-APRIL-PAGE-7.qxd 4/11/2024 10:31 PM Page 1

ਇਜ਼ਰਾਈਲ ਜੰਗ ਦੇ ਨਾਂਅ 'ਤੇ ਕਤਲੇਆਮ ਕਰ ਰਿਹੈ : ਸ਼ਾਹੀ ਇਮਾਮ ਪੰਜਾਬ

ਈਦ-ਉੱਲ-ਫਿਤਰ ਦੀ ਨਮਾਜ਼ ਮੌਕੇ ਇਜ਼ਰਾਈਲ ਖਿਲਾਫ ਬੁਲੰਦ ਹੋਈ ਆਵਾਜ਼

ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)-ਪਵਿੱਤਰ ਰਮਜ਼ਾਨ ਸ਼ਰੀਫ ਦੇ ਤੀਹ ਰੋਜ਼ੇ ਰੱਖਣ ਤੋਂ ਬਾਅਦ ਅੱਜ ਲੁਧਿਆਣਾ ਸ਼ਹਿਰ 'ਚ ਲੱਖਾਂ ਮੁਸਲਮਾਨਾਂ ਨੇ ਈਦ-ਉੱਲ-ਫਿਤਰ ਦੀ ਨਮਾਜ ਅਦਾ ਕੀਤੀ, ਉੱਥੇ ਹੀ ਇਤਿਹਾਸਕ ਜਾਮਾ ਮਸਜਿਦ 'ਚ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀਂ ਨੇ ਸਾਦਗੀ ਨਾਲ ਈਦ ਮਨਾਈ।ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਨੇ ਮੁਸਲਮਾਨਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਈਦ ਦੇ ਦਿਨ ਫਲੀਸਤੀਨ ਦੇ ਮਜਲੂਮ ਮੁਸਲਮਾਨਾਂ ਨੂੰ ਭੁਲਾਇਆ ਨਹੀਂ ਜਾ ਸਕਦਾ, ਜਿਨ੍ਹਾਂ ਦਾ ਇਜ਼ਰਾਈਲੀ ਅੱਤਵਾਦੀਆਂ ਨੇ ਕਤਲੇਆਮ ਕੀਤਾ ਹੈ। ਸ਼ਾਹੀ ਇਮਾਮ ਨੇ ਕਿਹਾ ਕਿ ਫਲੀਸਤੀਨ 'ਚ ਇਜ਼ਰਾਈਲ ਦੀ ਗੁੰਡਾਗਰਦੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਇਜ਼ਰਾਈਲ ਦਾ ਹਰ ਇੱਕ ਕਦਮ ਗੈਰ-ਇਨਸਾਨੀ ਤੇ ਗੈਰ-ਕਾਨੂੰਨੀ ਹੈ, ਪਰ ਜੁਲਮ ਖਿਲਾਫ ਆਵਾਜ਼ ਨੂੰ ਚੁੱਕਣਾ ਸਾਡੀ ਜ਼ਿੰਮੇਦਾਰੀ ਹੈ।ਸਾਨੂੰ ਸਾਰਿਆਂ ਨੂੰ ਮਿਲ ਕੇ ਰਾਜਨੀਤਕ ਤੇ ਸਮਾਜਿਕ ਤੌਰ 'ਤੇ ਅੱਤਵਾਦ ਦਾ ਵਿਰੋਧ ਕਰਨਾ ਚਾਹੀਦਾ ਹੈ।ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀਂ ਨੇ ਕਿਹਾ ਕਿ ਜੁਲਮ ਖਿਲਾਫ ਚੁੱਪ ਰਹਿਣ ਵਾਲੀਆਂ ਕੌਮਾਂ ਆਪਣਾ ਵਜੂਦ ਗਵਾ ਦਿੰਦੀਆਂ ਹਨ।ਇਸ ਲਈ ਜੇਕਰ ਅਸੀਂ ਜ਼ਿੰਦਾ ਹਾਂ ਤਾਂ ਜ਼ਿੰਦਾ ਨਜ਼ਰ ਆਉਣਾ ਵੀ ਜ਼ਰੂਰੀ ਹੈ।ਇਸ ਮੌਕੇ ਫਲਸਤੀਨ ਦੇ ਲੋਕਾਂ ਨਾਲ ਹਮਦਰਦੀ ਦਿਖਾਉਂਦੇ ਹੋਏ ਜਾਮਾ ਮਸਜਿਦ 'ਤੇ ਫਲਸਤੀਨ ਦੇ ਝੰਡੇ ਲਾਏ ਗਏ ਸਨ। ਨਮਾਜ ਅਦਾ ਕਰਨ ਆਏ ਜ਼ਿਆਦਾਤਰ ਲੋਕ ਵੀ ਫਲਸਤੀਨ ਝੰਡੇ ਲੈ ਕੇ ਆਏ ਤੇ ਸੜਕਾਂ 'ਤੇ ਮੁਸਲਮਾਨ ਹੱਥਾਂ 'ਚ ਵੱਡੇ-ਵੱਡੇ ਬੈਨਰ ਲੈ ਕੇ ਇਜ਼ਰਾਈਲ ਦਾ ਵਿਰੋਧ ਕਰ ਰਹੇ ਸਨ।ਇਸ ਮੌਕੇ ਸ਼ਾਹੀ ਇਮਾਮ ਨੇ ਫਲਸਤੀਨ 'ਚ ਅਮਨ ਤੇ ਸ਼ਾਂਤੀ ਲਈ ਵਿਸ਼ੇਸ਼ ਦੁਆ ਵੀ ਕਰਵਾਈ।

ਇਸ ਮੌਕੇ ਲੁਧਿਆਣਾ ਹਲਕਾ ਉੱਤਰੀ ਦੇ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਤੇ ਹਲਕਾ ਸੈਂਟਰਲ ਤੋਂ ਅਸ਼ੋਕ ਪਰਾਸ਼ਰ ਪੱਪੀ ਨੇ ਮੁਸਲਮਾਨਾਂ ਨੂੰ ਈਦ ਦੀ ਮੁਬਾਰਕਬਾਦ ਦਿੱਤੀ।

ਇਸ ਮੌਕੇ ਮੁਸਲਮਾਨ ਭਰਾਵਾਂ ਨੂੰ ਈਦ ਦੀ ਮੁਬਾਰਕਬਾਦ ਦੇਣ ਲਈ ਸਾਬਕਾ ਕੈਬਨਿਟ ਮੰਤਰੀ ਹੀਰਾ ਸਿੰਘ ਗਾਬੜੀਆ, ਸਾਬਕਾ ਕੌਂਸਲਰ ਰਾਕੇਸ਼ ਪਰਾਸ਼ਰ, ਗੁਲਾਮ ਹਸਨ ਕੈਸਰ, ਸੀਨੀਅਰ ਅਕਾਲੀ ਨੇਤਾ ਬਲਜੀਤ ਸਿੰਘ ਬਿੰਦਰਾ, ਅਸ਼ੋਕ ਗੁਪਤਾ, ਸ਼ਿੰਗਾਰਾ ਸਿੰਘ ਦਾਦ, ਜਰਨੈਲ ਸਿੰਘ ਤੂਰ, ਗੁਰਪ੍ਰੀਤ ਸਿੰਘ ਵਿੰਕਲ, ਮੁਹੰਮਦ ਮੁਸਤਕੀਮ ਅਹਿਰਾਰੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਔਰਤ ਦਾ ਕਤਲ ਕਰਨ ਵਾਲੇ 2 ਮੁਲਜ਼ਮ ਗ੍ਰਿਫ਼ਤਾਰ

ਮਲੋਟ/ਸ੍ਰੀ ਮੁਕਤਸਰ ਸਾਹਿਬ (ਗੁਰਮੀਤ ਮੱਕੜ/ਸ਼ਮਿੰਦਰਪਾਲ, ਪਰਮਜੀਤ, ਚਾਵਲਾ)-ਮਨਮੀਤ ਸਿੰਘ ਢਿੱਲੋਂ ਐੱਸ ਪੀ (ਡੀ) ਤੇ .ਫਤਿਹ ਸਿੰਘ ਬਰਾੜ ਡੀ.ਐੱਸ.ਪੀ. (ਲੰਬੀ) ਦੀ ਅਗਵਾਈ ਹੇਠ ਐੱਸ ਆਈ ਰਣਜੀਤ ਸਿੰਘ ਮੁੱਖ ਅਫਸਰ ਥਾਣਾ ਕਬਰਵਾਲਾ ਤੇ ਪੁਲਸ ਪਾਰਟੀ ਵੱਲੋਂ ਪਿੰਡ ਸਰਾਵਾਂ ਬੋਦਲਾ ਵਿਖੇ ਕਿਰਨਾ ਨਾਮ ਦੀ ਔਰਤ ਦਾ ਕਤਲ ਕਰਨ ਵਾਲੇ 02 ਮੁਲਜ਼ਮਾਂ ਨੂੰ ਪੁਲਸ ਵੱਲੋਂ ਕੁੱਝ ਹੀ ਘੰਟਿਆਂ ਵਿੱਚ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਸਲਵਿੰਦਰ ਕੌਰ ਦੀ ਲੜਕੀ ਕਿਰਨਾ ਦੀ ਲਾਸ਼ ਕਣਕ ਵਾਲੇ ਡਰੰਮ ਵਿੱਚ ਪਈ ਮਿਲੀ ਸੀ, ਜਿਸ 'ਤੇ ਪੁਲਸ ਵੱਲੋਂ ਸਲਵਿੰਦਰ ਕੌਰ ਪਤਨੀ ਬਗੀਚਾ ਸਿੰਘ ਵਾਸੀ ਰੱਤਾ ਖੇੜਾ ਦੇ ਬਿਆਨਾਂ 'ਤੇ ਮੁਕੱਦਮਾ ਥਾਣਾ ਕਬਰਵਾਲਾ ਬਰਖਿਲਾਫ ਸਤਨਾਮ ਸਿੰਘ ਉਰਫ ਸੱਤਾ ਪੁੱਤਰ ਬੂਟਾ ਸਿੰਘ ਤੇ ਬੂਟਾ ਸਿੰਘ ਪੁੱਤਰ ਤ੍ਰਿਲੋਕ ਸਿੰਘ ਵਾਸੀਆਨ ਸਰਾਵਾਂ ਬੋਦਲਾ ਦਰਜ ਤੁਰੰਤ ਹਰਕਤ ਵਿੱਚ ਆਉਂਦਿਆਂ ਉਕਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਮੁੱਢਲੀ ਪੁੱਛਗਿੱਛ 'ਤੇ ਉਨ੍ਹਾਂ ਮੰਨਿਆ ਕਿ ਕਿਰਨਾ ਦਾ ਕਤਲ ਉਨ੍ਹਾਂ ਵੱਲੋਂ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਮ੍ਰਿਤਕ ਕਿਰਨਾ ਦੀ ਪਹਿਲਾਂ ਸ਼ਾਦੀ ਜਸਵਿੰਦਰ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਪਾਲੀਵਾਲਾ (ਫਾਜ਼ਿਲਕਾ) ਨਾਲ ਹੋਈ ਸੀ ਤੇ ਉਹ ਆਪਣੇ ਪਤੀ ਜਸਵਿੰਦਰ ਸਿੰਘ ਨੂੰ ਛੱਡ ਕੇ ਆਪਣੀ ਸਕੀ ਮਾਸੀ ਦੇ ਲੜਕੇ ਸਤਨਾਮ ਨਾਲ ਰਹਿ ਰਹੀ ਸੀ, ਹੁਣ ਸਤਨਾਮ ਸਿੰਘ ਮ੍ਰਿਤਕ ਕਿਰਨਾ ਦੇ ਆਚਰਨ 'ਤੇ ਸ਼ੱਕ ਕਰਦਾ ਸੀ, ਜਿਸ 'ਤੇ ਘਰੇਲੂ ਵਿਵਾਦ ਚੱਲਦਾ ਰਹਿੰਦਾ ਸੀ, ਜਿਸ ਕਾਰਨ ਗੁੱਸੇ ਵਿੱਚ ਆ ਕੇ ਮੁਲਜ਼ਮ ਸਤਨਾਮ ਸਿੰਘ ਤੇ ਬੂਟਾ ਸਿੰਘ ਵੱਲੋਂ ਬੀਤੀ 9-10/04/2024 ਦੀ ਦਰਮਿਆਨੀ ਰਾਤ ਨੂੰ ਕਿਰਨਾ ਦਾ ਸਾਫੇ ਨਾਲ ਗਲਾ ਘੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ।ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਮੁਕੱਦਮੇ ਦੀ ਤਫਤੀਸ਼ ਡੂੰਘਾਈ ਨਾਲ ਕੀਤੀ ਜਾ ਰਹੀ ਹੈ।

ਲੋਕ ਸਭਾ ਚੋਣ ਜਿੱਤਣ ਬਾਅਦ ਫ਼ਰੀਦਕੋਟ ਦੀਆਂ ਸਮੱਸਿਆਵਾਂ ਦੇ ਹੱਲ ਲਈ ਜ਼ੋਰਦਾਰ ਆਵਾਜ਼ ਉਠਾਵਾਂਗਾ : ਕਰਮਜੀਤ ਅਨਮੋਲ

ਮੋਗਾ (ਇਕਬਾਲ ਸਿੰਘ ਖਹਿਰਾ)-ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਜਿੱਤਣ ਤੋਂ ਬਾਅਦ ਮੈਂ ਫ਼ਰੀਦਕੋਟ ਲੋਕ ਸਭਾ ਹਲਕੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਜ਼ੋਰਦਾਰ ਆਵਾਜ਼ ਉਠਾਵਾਂਗਾ ਅਤੇ ਲੋਕ ਸਭਾ ਹਲਕਾ ਫਰੀਦਕੋਟ ਦੇ ਨਿਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਸਭਾ ਫ਼ਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗਾਇਕ ਤੇ ਫਿਲਮ ਅਦਾਕਾਰ ਕਰਮਜੀਤ ਅਨਮੋਲ ਨੇ ਮੋਗਾ ਜਿਲ੍ਹੇ ਦੇ ਪਿੰਡ ਡਗਰੂ ਵਿਖੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਤੋਂ ਪਹਿਲਾਂ ਪਿੰਡ ਵਾਸੀਆਂ ਨੇ ਉਮੀਦਵਾਰ ਕਰਮਜੀਤ ਅਨਮੋਲ ਅਤੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਪਿੰਡ ਪਹੁੰਚਣ 'ਤੇ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਜਦੋਂ ਇਹ ਕਾਫ਼ਲਾ ਮੋਗਾ ਹਲਕੇ ਦੇ ਪਿੰਡ ਡਗਰੂ ਵਿਖੇ ਪੁੱਜਾ ਤਾਂ ਵਰਕਰਾਂ ਨੇ ਅੱਗੇ ਟਰੈਕਟਰ ਅਤੇ ਮੋਟਰਸਾਈਕਲ ਲਾਕੇ ਕਾਫ਼ਲੇ ਦੀ ਅਗਵਾਈ ਕੀਤੀ। 'ਆਪ' ਦੇ ਉਮੀਦਵਾਰ ਕਰਮਜੀਤ ਅਨਮੋਲ ਦੀ ਹਲਕਾ ਮੋਗਾ ਦੇ ਲੋਕ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ ਤੇ ਪਿੰਡ-ਪਿੰਡ ਮੀਟਿੰਗਾਂ ਦਾ ਸਿਲਸਿਲਾ ਸ਼ਾਮ ਤੱਕ ਜਾਰੀ ਰਿਹਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਆਗੂਆਂ ਅਤੇ ਵਰਕਰ ਮੇਰੇ ਹਲਕੇ ਦੀ ਰੀੜ੍ਹ ਦੀ ਹੱਡੀ ਹਨ ਤੇ ਮੈਂ ਉਨ੍ਹਾਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਆਪਣੇ-ਆਪਣੇ ਪਿੰਡਾਂ ਵਿੱਚ ਪੂਰੀ ਤਨਦੇਹੀ ਨਾਲ ਮਿਹਨਤ ਕੀਤੀ।

ਮੀਟਿੰਗ ਦੇ ਅੰਤ ਵਿੱਚ ਉਮੀਦਵਾਰ ਕਰਮਜੀਤ ਅਨਮੋਲ ਵਲੋਂ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਪਾਰਟੀ ਵਲੰਟੀਅਰਾਂ ਤੇ ਪਿੰਡ ਵਾਸੀਆਂ ਦਾ ਸਨਮਾਨ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਪਿੰਡ ਡਗਰੂ ਦੇ ਵਸਨੀਕ, ਵਲੰਟੀਅਰ ਅਤੇ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਮਹਾਰਾਜਾ ਰਣਜੀਤ ਸਿੰਘ ਕਾਲਜ ਦੀ ਸਾਲਾਨਾ ਸਪੋਰਟਸ ਮੀਟ ਸ਼ਾਨੋ-ਸ਼ੌਕਤ ਨਾਲ ਸੰਪੰਨ

ਮਲੋਟ (ਗੁਰਮੀਤ ਸਿੰਘ ਮੱਕੜ)-ਇਲਾਕੇ ਦੀ ਨਾਮਵਰ ਸਹਿ-ਵਿੱਦਿਅਕ ਸੰਸਥਾ ਮਹਾਰਾਜਾ ਰਣਜੀਤ ਸਿੰਘ ਕਾਲਜ ਵਿਖੇ ਸਾਲਾਨਾ ਸਪੋਰਟਸ ਮੀਟ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਈ। ਸਪੋਰਟਸ ਮੀਟ ਦੇ ਉਦਘਾਟਨੀ ਸੈਸ਼ਨ ਵਿੱਚ ਐੱਸ.ਡੀ.ਐੱਮ. ਡਾ. ਸੰਜੀਵ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੋਈ ਕਿ ਇਸ ਸੰਸਥਾ ਨੇ ਉਨ੍ਹਾਂ ਨੂੰ ਇਸ ਖਾਸ ਮੌਕੇ ਵਿਦਿਆਰਥੀਆਂ ਦੇ ਸਨਮੁੱਖ ਹੋਣ ਦਾ ਮੌਕਾ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਆਪਣਾ ਟੀਚਾ ਤੇ ਉਦੇਸ਼ ਪਤਾ ਹੋਣਾ ਚਾਹੀਦਾ ਹੈ, ਰਸਤਾ ਫਿਰ ਮਨੁੱਖ ਆਪਣੇ ਆਪ ਭਾਲ ਲੈਂਦਾ ਹੈ। ਸਪੋਰਟਸ ਮੀਟ ਵਿੱਚ ਵਿਦਿਆਰਥੀਆਂ ਦੇ ਵੱਖ ਵੱਖ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਮੁੱਖ ਤੌਰ 'ਤੇ ਲੜਕੀਆਂ ਤੇ ਲੜਕਿਆਂ ਦੇ 100 ਮੀਟਰ ਦੌੜ, 200 ਮੀਟਰ ਦੌੜ, 400 ਮੀਟਰ ਦੌੜ, 800 ਮੀਟਰ ਦੌੜ, 1500 ਮੀਟਰ ਦੌੜ, ਸ਼ਾਰਟ ਪੁੱਟ, ਡਿਸਕਸ ਥਰੋਅ, ਰੱਸਾ ਕੱਸੀ, ਵਾਲੀਬਾਲ, ਖੋ-ਖੋ, ਕਬੱਡੀ ਆਦਿ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਲੜਕਿਆਂ 'ਚ ਗੁਰਪ੍ਰੀਤ ਸਿੰਘ ਤੇ ਲੜਕੀਆਂ ਵਿੱਚ ਜਸ਼ਨਦੀਪ ਕੌਰ ਨੇ ਬੈਸਟ ਐਥਲੀਟ ਦੇ ਰੂਪ ਵਿੱਚ ਬਾਜ਼ੀ ਮਾਰੀ। ਇਨਾਮ ਵੰਡ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰ ਰਹੇ ਏ.ਆਈ.ਜੀ. ਇੰਟੈਲੀਜੈਂਸ ਸ੍ਰ. ਸੁਰਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਵੱਖ ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈਂਦਿਆਂ ਵੇਖ ਉਨ੍ਹਾਂ ਨੂੰ ਖੁਸ਼ੀ ਹੋਈ। ਉਨ੍ਹਾਂ ਕਿਹਾ ਕਿ ਅਕਸਰ ਹੀ ਇਹ ਸੁਣਨ ਨੂੰ ਮਿਲਦਾ ਹੈ ਕਿ ਨੌਜਵਾਨ ਵਰਗ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਕੈਦ ਹੋ ਚੁੱਕਿਆ ਹੈ, ਪਰ ਇੱਥੇ ਵਿਦਿਆਰਥੀਆਂ ਨੂੰ ਇੰਨੇ ਜੋਸ਼ ਨਾਲ ਵੱਖ ਵੱਖ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ ਵੇਖ ਲੱਗਿਆ ਕਿ ਇਹ ਸੰਸਥਾ ਨੌਜਵਾਨੀ ਨੂੰ ਬਚਾਉਣ ਤੇ ਸਹੀ ਸੇਧ ਦੇਣ ਲਈ ਕਿੰਨੇ ਸੁਹਿਰਦ ਯਤਨ ਕਰ ਰਹੀ ਹੈ, ਜਿਸ ਲਈ ਇਸ ਸੰਸਥਾ ਦੀ ਸਮੁੱਚੀ ਮੈਨੇਜਮੈਂਟ, ਪ੍ਰਿੰਸੀਪਲ ਸਾਹਿਬ ਤੇ ਸਟਾਫ਼ ਵਧਾਈ ਦਾ ਹੱਕਦਾਰ ਹੈ। ਇਸ ਮੌਕੇ ਸਪੋਰਟਸ ਮੀਟ ਨੂੰ ਕਰਵਾਉਣ ਵਾਲੇ ਵਲੰਟੀਅਰਾਂ ਦੇ ਨਾਲ ਨਾਲ ਪ੍ਰੋ. ਸੁਖਦੀਪ ਕੌਰ, ਪ੍ਰੋ. ਗੁਰਜੀਤ ਸਿੰਘ, ਪ੍ਰੋ. ਜੋਗਿੰਦਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਕਾਲਜ ਮੈਨੇਜਮੈਂਟ ਦੇ ਚੇਅਰਮੈਨ ਸ੍ਰ. ਮਨਦੀਪ ਸਿੰਘ ਬਰਾੜ ਜਨਰਲ ਸਕੱਤਰ ਸ੍ਰ. ਲਖਵਿੰਦਰ ਸਿੰਘ ਸਿੱਧੂ, ਹਰਦੀਪ ਸਿੰਘ ਸੰਧੂ, ਸਾਹਿਲ ਮੱਕੜ, ਅਮਰਜੀਤ ਸਿੰਘ, ਸ਼ਮਿੰਦਰ ਸਿੰਘ, ਇਕਬਾਲ ਸਿੰਘ ਆਦਿ ਹਾਜ਼ਰ ਸਨ।

ਮਈ ਦਿਵਸ ਮਨਾਉਣ ਲਈ ਆਲ ਇੰਪਲਾਈਜ਼ ਕੋ-ਆਰਡੀਨੇਸ਼ਨ ਕਮੇਟੀ ਨੇ ਕੀਤਾ ਵਿਚਾਰ-ਵਟਾਂਦਰਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪਹਿਲੀ ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਲ ਇੰਪਲਾਈਜ਼ ਕੋ-ਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਨੇ ਕਾਮਰੇਡ ਸੁਭਾਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਨਾਦਰਦਰਨ ਰੇਲਵੇ ਮੈਨਜ਼ ਯੂਨੀਅਨ ਦਫਤਰ ਫਿਰੋਜ਼ਪੁਰ ਵਿਖੇ ਮੀਟਿੰਗ ਕੀਤੀ।ਮੀਟਿੰਗ ਵਿੱਚ ਕੇਂਦਰ ਤੇ ਰਾਜ ਸਰਕਾਰ ਦੇ ਮੁਲਾਜ਼ਮਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਮੀਟਿੰਗ ਵਿੱਚ ਮਈ ਦਿਵਸ ਮਨਾਉਣ ਤੇ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ 'ਤੇ ਵਿਚਾਰ ਵਟਾਂਦਰਾ ਕੀਤਾ।ਸਰਬਸੰਮਤੀ ਨਾਲ ਫੈਸਲਾ ਲਿਆ ਕਿ ਇਸ ਵਾਰ ਪਹਿਲੀ ਮਈ ਡਰਾਈਵਰ ਤੇ ਗਾਰਡ ਰਨਿੰਗ ਰੂਮ ਦੇ ਨਾਲ ਖੁੱਲ੍ਹੇ ਪੰਡਾਲ ਵਿੱਚ ਮਨਾਇਆ ਜਾਵੇਗਾ।ਮੀਟਿੰਗ ਵਿੱਚ ਸ਼ਹੀਦ ਭਗਤ ਸਿੰਘ ਟੈਕਨੀਕਲ ਸਟੇਟ ਯੂਨੀਵਰਸਿਟੀ ਦੇ ਸਟਾਫ ਨੂੰ ਪਿਛਲੇ ਸੱਤ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਪੰਜਾਬ ਸਰਕਾਰ ਵਿਰੁੱਧ ਸ਼ੁਰੂ ਕੀਤੀ ਭੁੱਖ ਹੜਤਾਲ ਦਾ ਸਮਰਥਨ ਕਰਨ ਤੇ ਹਰ ਤਰ੍ਹਾਂ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਕਿ ਆਲ ਇੰਪਲਾਈਜ਼ ਕੋ-ਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਦੀ ਚੋਣ ਮਈ ਦਿਵਸ ਤੋਂ ਬਾਅਦ ਕੀਤੀ ਜਾਵੇਗੀ। ਮਈ ਦਿਵਸ ਦੀ ਤਿਆਰੀ ਲਈ ਅਗਲੀ ਮੀਟਿੰਗ 22 ਅਪ੍ਰੈਲ ਨੂੰ ਨਾਰਦਨ ਰੇਲਵੇ ਮੈਨਜ਼ ਯੂਨੀਅਨ ਦਫਤਰ ਫਿਰੋਜ਼ਪੁਰ ਵਿਖੇ ਸ਼ਾਮ 4 ਵਜੇ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਏ ਈ ਸੀ ਸੀ ਦੇ ਜਨਰਲ ਸਕੱਤਰ ਕਿਸ਼ਨ ਚੰਦ ਜਾਗੋਵਾਲੀਆ, ਖਜ਼ਾਨਚੀ ਮਹਿੰਦਰ ਸਿੰਘ ਧਾਲੀਵਾਲ, ਕਨਵੀਨਰ ਸੁਰਿੰਦਰ ਸਿੰਘ, ਪ੍ਰਵੀਨ ਕੁਮਾਰ ਸੈਂਟਰ ਵਾਈਸ ਪ੍ਰਧਾਨ, ਰਮੇਸ਼ ਠਾਕੁਰ ਸਾਬਕਾ ਪ੍ਰਧਾਨ ਐੱਨ ਆਰ ਐੱਮ ਯੂ, ਰਜੀਵ ਹਾਂਡਾ ਜੀ ਟੀ ਯੂ, ਪ੍ਰਦੀਪ ਧਵਨ ਪੋਸਟ ਆਫਿਸ, ਜੇ ਐੱਸ ਮਾਂਗਟ ਪ.ਸ.ਸ.ਫ਼, ਬਲਬੀਰ ਸਿੰਘ ਗੋਧੀਵਾਲਾ, ਜੰਗਲਾਤ ਵਰਕਰ ਯੂਨੀਅਨ, ਦਲਜੀਤ ਸਿੰਘ ਯਾਰੇਸ਼ਾਹ, ਸਤਿੰਦਰ ਸਿੰਘ, ਗੁਰਪ੍ਰੀਤ ਸਿੰਘ, ਤਲਵਿੰਦਰ ਸਿੰਘ ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਅਨਿਲ ਸੇਠੀ ਬਰਾਂਚ ਸੈਕਟਰੀ ਐੱਨਆਰ ਐੱਮ ਯੂ, ਗੁਲਸ਼ਨ ਕੁਮਾਰ ਪੰਕਜ ਕੁਮਾਰ, ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਦੇ ਆਗੂ ਧੀਰਜ ਕੁਮਾਰ, ਸਾਗਰ, ਨੌਨਿਹਾਲ ਸਿੰਘ, ਹਰਵੀਰ ਕੌਰ ਤੇ ਸੁਖਪ੍ਰੀਤ ਕੌਰ, ਸ਼ਵਿੰਦਰਪਾਲ ਮੀਟਿੰਗ ਵਿੱ

12-April-PAGE-8.qxd 4/11/2024 10:37 PM Page 1

ਜਬਰ ਵਿਰੋਧੀ ਸੰਘਰਸ਼ ਕਮੇਟੀ ਨੇ ਐੱਸ ਡੀ ਐੱਮ ਦੇ ਨਾਂਅ ਮੰਗ ਪੱਤਰ ਦਿੱਤਾ

ਸ਼ਾਹਕੋਟ (ਗਿਆਨ ਸੈਦਪੁਰੀ) ਬੁੱਧਵਾਰ ਨੂੰ ਜਬਰ ਵਿਰੋਧੀ ਸੰਘਰਸ਼ ਕਮੇਟੀ ਨੇ ਸਥਾਨਕ ਪੁਲਸ ਦੇ ਆਮ ਲੋਕਾਂ ਪ੍ਰਤੀ ਮਾੜੇ ਵਤੀਰੇ, ਪੱਤਰਕਾਰ ਭਾਈਚਾਰੇ ਦੀ ਆਜ਼ਾਦਾਨ ਹਸਤੀ ਨੂੰ ਦਬਾਉਣ ਅਤੇ ਥਾਣੇ ਨਾਲ ਸਬੰਧਤ ਬਹੁਤ ਸਾਰੇ ਮਾਮਲਿਆਂ ਵਿੱਚ ਪੁਲਸ ਦੀ ਅਸੰਵੇਦਨਸ਼ੀਲਤਾ ਵਿਰੁੱਧ ਐਸ. ਡੀ. ਐਮ. ਸ਼ਾਹਕੋਟ ਦੇ ਨਾਂਅ ਮੰਗ ਪੱਤਰ ਦਿੱਤਾ। ਐਸ. ਡੀ. ਐਮ. ਸ਼ਾਹਕੋਟ ਦੀ ਗੈਰ ਮੌਜੂਦਗੀ ਦੌਰਾਨ ਇਹ ਮੰਗ ਪੱਤਰ ਨਾਇਬ ਤਹਿਸੀਲਦਾਰ ਗੁਲਾਬ ਸਿੰਘ ਨੂੰ ਸੌਂਪਿਆ ਗਿਆ। ਇਸ ਮੌਕੇ ਜਬਰ ਵਿਰੋਧੀ ਸੰਘਰਸ਼ ਕਮੇਟੀ ਦੇ ਆਗੂਆਂ ਨੇ ਨਾਇਬ ਤਹਿਸੀਲਦਾਰ ਨੂੰ ਦੱਸਿਆ ਕਿ ਸ਼ਾਹਕੋਟ ਪੁਲਸ ਪੱਤਰਕਾਰਾਂ ਨੂੰ ਆਪਣੇ ਨਿਰਦੇਸ਼ਾਂ ਅਨੁਸਾਰ ਖ਼ਬਰਾਂ ਲਾਉਣ ਲਈ ਕਹਿੰਦਿਆਂ ਇਹ ਧਮਕੀ ਵੀ ਦਿੰਦੀ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਧਾਰਾ 182 ਤਹਿਤ ਮੁਕੱਦਮਾ ਦਰਜ ਕਰ ਦਿੱਤੇ ਜਾਣਗੇ। ਮੌਕੇ ਤੇ ਹਾਜ਼ਰ ਇੱਕ ਮਾਂ ਅਤੇ ਉਸ ਦੀਆਂ ਧੀਆਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਥਾਣੇ ਵਿੱਚ ਨਾਜਾਇਜ਼ ਹਿਰਾਸਤ ਵਿੱਚ ਰੱਖਣ ਦਾ ਵਰਤਾਰਾ ਵੀ ਵੇਖਣ ਨੂੰ ਮਿਲ ਰਿਹਾ ਹੈ। ਪੁਲਸ ਵੱਲੋਂ ਕੁਝ ਕੇਸਾਂ ਵਿੱਚ ਪੀੜਤ ਧਿਰ 'ਤੇ ਦਬਾਅ ਪਾ ਕੇ ਰਾਜ਼ੀਨਾਮਾ ਕਰਨ ਲਈ ਮਜ਼ਬੂਰ ਕਰਨ ਦੀਆਂ ਮਿਸਾਲਾਂ ਵੀ ਸਾਹਮਣੇ ਆਈਆਂ ਸਨ। ਪਿੰਡ ਸੈਦਪੁਰ ਝਿੜੀ ਦੇ ਗੁਰਪ੍ਰੀਤ ਸਿੰਘ ਦੀ ਮੌਤ ਹੋ ਜਾਣ 'ਤੇ ਧਾਰਾ 302 ਦਾ ਪਰਚਾ ਦਰਜ ਹੋਇਆ ਸੀ ਪਰ ਬਾਅਦ ਵਿੱਚ ਇਸ ਨੂੰ ਸੜਕ ਦੁਰਘਟਨਾ ਬਣਾ ਦਿੱਤਾ ਗਿਆ। ਇਲਾਕੇ ਵਿੱਚ ਕੁਝ ਲੱਠਮਾਰਾਂ ਵੱਲੋਂ ਅਮਨ ਪੂਰਵਕ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ ਨਾਲ ਦੁਰਵਿਹਾਰ ਕਰਨ ਦਾ ਦੇ ਮਾਮਲੇ ਵੀ ਸਾਹਮਣੇ ਆਏ ਹਨ। ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਮਾਮਲੇ ਹਨ, ਜਿਨ੍ਹਾਂ ਵੱਲ ਪੁਲਸ ਕੰਨ ਨਹੀਂ ਧਰ ਰਹੀ।

ਇਸ ਮੌਕੇ ਨਿਰਮਲ ਸਿੰਘ ਸਹੋਤਾ, ਵਰਿੰਦਰਪਾਲ ਸਿੰਘ ਕਾਲਾ, ਬੀਬੀ ਗੁਰਬਖਸ਼ ਕੌਰ ਸਾਦਿਕਪੁਰ, ਬਚਿੱਤਰ ਸਿੰਘ ਤੱਗੜ, ਕੇਵਲ ਸਿੰਘ ਦਾਨੇਵਾਲ, ਗੁਰਚਰਨ ਸਿੰਘ ਅਟਵਾਲ, ਚਰਨਜੀਤ ਥੰਮੂਵਾਲ, ਤਾਰਾ ਸਿੰਘ ਥੰਮੂਵਾਲ, ਸ਼ਿੰਦਰ ਪਾਲ ਕੰਨੀਆ, ਮੱਖਣ ਸਿੰਘ, ਸਰਬਣ ਕੁਮਾਰ ਬਿੱਲਾ, ਪ੍ਰਵੀਨ ਕੌਰ, ਗੱਬਰ ਸਿੰਘ, ਰਾਜੇਸ਼ ਕੁਮਾਰ ਆਦਿ ਸ਼ਾਮਲ ਸਨ। ਆਗੂਆਂ ਨੇ ਇਹ ਵੀ ਕਿਹਾ ਕਿ ਜਲਦੀ ਇਨਸਾਫ਼ ਨਾ ਮਿਲਣ ਦੀ ਸੂਰਤ ਵਿੱਚ ਜਬਰ ਵਿਰੋਧੀ ਸੰਘਰਸ਼ ਕਮੇਟੀ ਤਿੱਖਾ ਸੰਘਰਸ਼ ਕਰਨ ਲਈ ਮਜ਼ਬੂਰ ਹੋਵੇਗੀ।

ਈ ਵੀ ਐੱਮ ਦਾ ਸਟਰਾਂਗ ਰੂਮ ਤੇ ਡਿਸਪੈਚ ਸੈਂਟਰ ਸਥਾਪਤ ਕਰਨ ਲਈ ਡੀ ਸੀ ਵੱਲੋਂ ਸਪੋਰਟਸ ਕੰਪਲੈਕਸ ਦਾ ਦੌਰਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਸ੍ਰੀਮਤੀ ਆਸ਼ਿਕਾ ਜੈਨ ਨੇ ਸਪੋਰਟਸ ਕੰਪਲੈਕਸ, ਸੈਕਟਰ-78 ਮੁਹਾਲੀ ਦਾ ਦੌਰਾ ਕੀਤਾ, ਜਿਸ ਵਿੱਚ 53-ਐਸ.ਏ.ਐਸ.ਨਗਰ ਹਲਕੇ ਲਈ ਈ.ਵੀ.ਐਮਜ਼ ਲਈ ਸਟਰਾਂਗ ਰੂਮ ਅਤੇ ਡਿਸਪੈਚ ਸੈਂਟਰ ਸਥਾਪਤ ਕਰਨ ਲਈ ਪਛਾਣ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਚੋਣ ਤਿਆਰੀਆਂ ਵਜੋਂ ਜ਼ਿਲ੍ਹਾ ਐਸ.ਏ.ਐਸ.ਨਗਰ ਦੇ ਹਰੇਕ ਹਲਕੇ ਵਿੱਚ ਸਟਰਾਂਗ ਰੂਮਾਂ ਅਤੇ ਡਿਸਪੈਚ ਸੈਂਟਰਾਂ ਦੀ ਸ਼ਨਾਖਤ ਕੀਤੀ ਗਈ ਹੈ ਤਾਂ ਜੋ ਪੋਲਿੰਗ ਪਾਰਟੀਆਂ ਜਿਨ੍ਹਾਂ ਨੇ ਕਿਸੇ ਵਿਸ਼ੇਸ਼ ਹਲਕੇ ਵਿੱਚ ਪੋਲਿੰਗ ਡਿਊਟੀ ਲਈ ਰਵਾਨਾ ਹੋਣਾ ਹੈ, ਉਨ੍ਹਾਂ ਨੂੰ ਈ.ਵੀ.ਐਮਜ਼ ਅਤੇ ਹੋਰ ਚੋਣ ਸਮੱਗਰੀ ਇੱਕ ਹੀ ਛੱਤ ਥੱਲੇ ਪ੍ਰਾਪਤ ਹੋ ਸਕੇ। ਜ਼ਿਲ੍ਹਾ ਚੋਣ ਅਫ਼ਸਰ ਨੇ ਸਪੋਰਟਸ ਕੰਪਲੈਕਸ ਮੁਹਾਲੀ ਵਿਖੇ ਸਟਰਾਂਗ ਰੂਮ ਅਤੇ ਡਿਸਪੈਚ ਸੈਂਟਰ ਲਈ ਪ੍ਰਸਤਾਵਿਤ ਜਗ੍ਹਾ ਦਾ ਜਾਇਜ਼ਾ ਲੈਂਦਿਆਂ ਪੋਲਿੰਗ ਪਾਰਟੀਆਂ ਨੂੰ ਰਵਾਨਾ ਹੋਣ ਵਾਲੇ ਦਿਨ 30 ਅਪ੍ਰੈਲ ਤੋਂ 31 ਮਈ ਤੱਕ ਇੱਥੇ ਸਟੋਰ ਕੀਤੇ ਜਾਣ ਵਾਲੇ ਈ.ਵੀ.ਐਮਜ਼ ਦੀ ਸੁਰੱਖਿਆ ਲਈ ਪੁਖਤਾ ਸੁਰੱਖਿਆ ਪ੍ਰਬੰਧਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਵੀ.ਵੀ.ਪੀ.ਏ.ਟੀ. ਵਾਲੀਆਂ ਈ.ਵੀ.ਐਮ. ਮਸ਼ੀਨਾਂ ਨੂੰ ਬੇਤਰਤੀਬੇ ਕਰਨ ਤੋਂ ਬਾਅਦ ਇੱਥੇ ਸੀਸੀਟੀਵੀ, ਅਰਧ ਸੈਨਿਕ ਅਤੇ ਪੁਲਿਸ ਸੁਰੱਖਿਆ ਹੇਠ ਰੱਖਿਆ ਜਾਵੇਗਾ। 112-ਡੇਰਾਬੱਸੀ ਵਿੱਚ ਸਰਕਾਰੀ ਕਾਲਜ ਡੇਰਾਬੱਸੀ ਨੂੰ ਸਟਰਾਂਗ ਰੂਮ ਅਤੇ ਡਿਸਪੈਚ ਸੈਂਟਰ ਵਜੋਂ ਤਿਆਰ ਕੀਤਾ ਜਾਵੇਗਾ ਜਦਕਿ 52-ਖਰੜ ਲਈ ਸਰਕਾਰੀ ਪੋਲੀਟੈਕਨਿਕ, ਖੂਨੀ ਮਾਜਰਾ ਨੂੰ ਸਟਰਾਂਗ ਰੂਮ ਅਤੇ ਡਿਸਪੈਚ ਸੈਂਟਰ ਵਜੋਂ ਪਛਾਣਿਆ ਗਿਆ ਹੈ। ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ.-ਕਮ-ਏ.ਆਰ.ਓ. ਦੀਪਾਂਕਰ ਗਰਗ, ਡੀ.ਐਸ.ਪੀ (ਡੀ) ਰਾਜੇਸ਼ ਹਸਤੀਰ ਅਤੇ ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਵੀ ਮੌਜੂਦ ਸਨ। ਉਨ੍ਹਾਂ ਸਪੱਸ਼ਟ ਹਦਾਇਤ ਕੀਤੀ ਕਿ ਇਨ੍ਹਾਂ ਦਿਨਾਂ ਦੌਰਾਨ ਖਿਡਾਰੀਆਂ ਦੀ ਕੋਚਿੰਗ ਦੇ ਹਿੱਸੇ ਵਿਚ ਕੋਈ ਰੁਕਾਵਟ ਨਹੀਂ ਆਉਣੀ ਚਾਹੀਦੀ।

ਸਪਿਰਿਟ ਤੇ ਮਿਥੇਨੌਲ ਦੀ ਅਣਅਧਿਕਾਰਤ ਵਿਕਰੀ ਤੇ ਸਪਲਾਈ ਬਰਦਾਸ਼ਤ ਨਹੀਂ- ਡੀ ਸੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਕ੍ਰਿਸ਼ਨ ਗਰਗ ਗੁਰਜੀਤ ਬਿੱਲਾ) ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਨਕਲੀ ਸ਼ਰਾਬ ਦੇ ਸੇਵਨ ਕਾਰਨ ਹੋਣ ਵਾਲੀ ਕਿਸੇ ਵੀ ਦੁਰਘਟਨਾ ਨੂੰ ਅਗਾਊਂ ਟਾਲਣ ਲਈ ਜ਼ਿਲ੍ਹੇ ਵਿੱਚ ਇੰਡਸਟਰੀਅਲ ਸਪਿਰਟ ਅਤੇ ਮਿਥੇਨੌਲ ਦੀ ਅਣਅਧਿਕਾਰਤ ਵਿਕਰੀ ਅਤੇ ਸਪਲਾਈ 'ਤੇ ਸਖ਼ਤ ਨਜ਼ਰ ਰੱਖਣ ਲਈ ਕਿਹਾ ਹੈ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ.ਏ.ਐਸ.ਨਗਰ, ਮੁਹਾਲੀ ਵਿਖੇ ਉਦਯੋਗਿਕ ਸਪਿਰਟ, ਮਿਥੇਨੌਲ ਅਤੇ ਨਵੇਂ ਅਲਾਟ ਕੀਤੇ ਗਏ ਸ਼ਰਾਬ ਦੇ ਠੇਕਿਆਂ ਦੇ ਲਾਇਸੰਸਧਾਰਕਾਂ ਅਤੇ ਜ਼ਿਲ੍ਹੇ ਦੀਆਂ ਡਿਸਟਿਲਰੀਆਂ, ਬਰੂਅਰੀਆਂ ਅਤੇ ਬੋਟਲਿੰਗ ਪਲਾਂਟਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਰੇ ਭਾਗੀਦਾਰ ਇਸ ਗੱਲ ਦਾ ਧਿਆਨ ਰੱਖਣ। ਇਨ੍ਹਾਂ ਸਭ ਦੀ ਵਿਕਰੀ, ਸਪਲਾਈ ਅਤੇ ਸਟਾਕ ਨਿਗਰਾਨੀ ਦੇ ਅਧੀਨ ਹੈ ਅਤੇ ਉਲੰਘਣਾ ਲਈ ਦੋਸ਼ੀ ਪਾਏ ਜਾਣ 'ਤੇ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਭਾਗੀਦਾਰਾਂ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਉਹ ਆਪਣੀ ਸਪਲਾਈ ਦਾ ਨਿਯਮਤ ਤੌਰ 'ਤੇ ਧਿਆਨ ਰੱਖਣ ਤਾਂ ਜੋ ਰਸਤੇ ਵਿੱਚ ਚੋਰੀ ਨਾ ਹੋ ਸਕੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਲਈ ਵਚਨਬੱਧ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਸਟਾਕ, ਵਿਕਰੀ ਅਤੇ ਸਪਲਾਈ ਦੀ ਨਿਰਵਿਘਨ ਜਾਂਚ ਕਰਨ ਲਈ ਐਸ.ਡੀ.ਐਮਜ਼ ਦੀ ਅਗਵਾਈ ਵਿੱਚ ਤਹਿਸੀਲਦਾਰ, ਆਬਕਾਰੀ/ਜੀਐਸਟੀ ਅਧਿਕਾਰੀ, ਐਸਐਚਓਜ਼ ਅਤੇ ਉਦਯੋਗ ਵਿਭਾਗ ਦੀ ਇੱਕ ਸਾਂਝੀ ਚੈਕਿੰਗ ਟੀਮ ਦਾ ਗਠਨ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹੇ ਵਿੱਚ ਠੇਕਿਆਂ ਦੇ ਨਵੇਂ ਲਾਇਸੰਸਧਾਰਕਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਸ਼ਰਾਬ ਦੀ ਢੋਆ-ਢੁਆਈ ਲਈ ਪੂਰਵ ਪ੍ਰਵਾਨਗੀ ਹਾਸਲ ਕਰਨ ਤੋਂ ਇਲਾਵਾ ਸ਼ਰਾਬ ਦੀਆਂ ਦੁਕਾਨਾਂ ਤੋਂ ਨਗਦੀ ਇਕੱਠੀ ਕਰਨ ਵਾਲੇ ਵਿਅਕਤੀਆਂ ਦੇ ਨਾਂ ਵੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਦੱਸਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੋ ਵੀ ਵਿਅਕਤੀ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰਦਾ ਪਾਇਆ ਗਿਆ ਉਸ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ। ਉਨ੍ਹਾਂ ਨੇ ਸ਼ਰਾਬ ਦੇ ਠੇਕਿਆਂ 'ਤੇ ਆਈਪੀ ਤਕਨੀਕ ਸੀਸੀਟੀਵੀ ਕੈਮਰੇ ਲਗਾਉਣ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਇਨ੍ਹਾਂ ਦੀ ਸਖ਼ਤ ਨਿਗਰਾਨੀ ਰੱਖੀ ਜਾ ਸਕੇ। ਮੀਟਿੰਗ ਵਿੱਚ ਸ਼ਾਮਲ ਅਧਿਕਾਰੀਆਂ ਵਿੱਚ ਏਡੀਸੀ (ਜ) ਵਿਰਾਜ ਐਸ ਤਿੜਕੇ, ਐਸ ਪੀ (ਟਰੈਫਿਕ ਅਤੇ ਉਦਯੋਗਿਕ ਸੁਰੱਖਿਆ) ਐਚ.ਐਸ ਮਾਨ, ਸਹਾਇਕ ਕਮਿਸ਼ਨਰ ਆਬਕਾਰੀ ਅਸ਼ੋਕ ਚਲਹੋਤਰਾ, ਸਹਾਇਕ ਕਮਿਸ਼ਨਰ ਸਟੇਟ ਟੈਕਸ ਮੁਨੀਸ਼ ਨਈਅਰ ਅਤੇ ਡੀਐਸਪੀ (ਡੀ) ਰਾਜੇਸ਼ ਹਸਤੀਰ ਸ਼ਾਮਲ ਸਨ।

ਆਬਕਾਰੀ ਵਿਭਾਗ ਵੱਲੋਂ 5750 ਲੀਟਰ ਨਜਾਇਜ਼ ਸ਼ਰਾਬ ਬਰਾਮਦ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਸਹਾਇਕ ਕਮਿਸ਼ਨਰ ਆਬਕਾਰੀ ਜਲੰਧਰ ਪੱਛਮੀ ਰੇਂਜ ਨਵਜੀਤ ਸਿੰਘ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲੋਕ ਸਭਾ ਚੋਣਾਂ ਦੌਰਾਨ ਗੈਰ ਕਾਨੂੰਨੀ ਸ਼ਰਾਬ ਦੀ ਰੋਕਥਾਮ ਲਈ ਦਰਿਆ ਸਤਲੁਜ ਦੇ ਨੇੜਲੇ ਪਿੰਡਾਂ ਮਿਊਂਵਾਲ, ਭੋਲੇਵਾਲ, ਮੌ ਸਾਹਿਬ, ਢਗਾਰਾ, ਸੰਗੋਵਾਲ, ਬੁਰਜ ਟਗਾਰਾ ਵਿਖੇ ਆਬਕਾਰੀ ਇੰਸਪੈਕਟਰ ਨੂਰਮਹਿਲ ਜਲੰਧਰ ਪੱਛਮੀ ਸਰਵਣ ਸਿੰਘ ਵਲੋਂ ਸਮੇਤ ਆਬਕਾਰੀ ਪੁਲਸ ਜਾਂਚ ਕੀਤੀ ਗਈ।ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ 2 ਡਰੰਮ ਹਰੇਕ ਵਿੱਚ 200 ਕਿਲੋਗ੍ਰਾਮ, 5 ਪਲਾਸਟਿਕ ਦੀਆਂ ਤਰਪਾਲਾਂ ਹਰੇਕ ਵਿੱਚ 400 ਕਿਲੋਗ੍ਰਾਮ ਕੁੱਲ 2500 ਕਿਲੋਗਰਾਮ ਲਾਹਨ ਅਤੇ ਇਕ ਰੱਬੜ ਦੀ ਟਿਊਬ ਜਿਸ ਵਿੱਚ 150 ਬੋਤਲਾਂ ਦੇ ਬਰਾਬਰ ਗੈਰਕਾਨੂੰਨੀ ਸ਼ਰਾਬ ਫੜੀ ਗਈ ਜਿਸ ਨੂੰ ਮੌਕੇ 'ਤੇ ਨਸ਼ਟ ਕਰ ਦਿੱਤਾ ਗਿਆ।ਉਨ੍ਹਾਂ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਦਰਿਆ ਸਤਲੁਜ ਦੇ ਕੰਢੇ ਨੇੜਲੇ ਇਕ ਹੋਰ ਪਿੰਡ ਮੁੰਡੀ ਸ਼ਹਿਰੀਆਂ ਵਿਖੇ ਆਬਕਾਰੀ ਇੰਸਪੈਕਟਰ ਸਾਹਿਲ ਰੰਗਾ ਵਲੋਂ ਸਮੇਤ ਆਬਕਾਰੀ ਪੁਲਸ ਅਤੇ ਪੁਲਿਸ ਸਟੇਸ਼ਨ ਲੋਹੀਆਂ ਸਮੇਤ ਛਾਪਾ ਮਾਰਿਆ ਗਿਆ ਜਿਸ ਦੌਰਾਨ 5 ਪਲਾਸਟਿਕ ਦੀਆਂ ਤਰਪਾਲਾਂ ਹਰੇਕ ਵਿੱਚ ਲਗਭਗ 500 ਲੀਟਰ ਲਾਹਣ , ਇਕ ਪਲਾਸਟਿਕ ਡਰੰਮ ਜਿਸ ਵਿੱਚ ਲਗਭਗ 200 ਲੀਟਰ ਲਾਹਣ ਅਤੇ ਇਕ ਡਰੰਮ 100 ਲੀਟਰ ਕੁੱਲ 3250 ਕਿਲੋਗਰਾਮ ਲਾਹਣ ਅਤੇ ਇਸ ਤੋਂ ਇਲਾਵਾ 2 ਲੋਹੇ ਦੇ ਡਰੰਮ, ਇਕ ਪਲਾਸਟਿਕ ਡਰੰਮ, ਇਕ ਪਲਾਸਟਿਕ ਕੇਨ ਅਤੇ ਦੋ ਪਲਾਸਟਿਕ ਦੀਆਂ ਬਾਲਟੀਆਂ ਵੀ ਬਰਾਮਦ ਕੀਤੀਆਂ ਗਈਆਂ ਜਿਨਾਂ ਨੂੰ ਮੌਕੇ 'ਤੇ ਨਸ਼ਟ ਕਰ ਦਿੱਤਾ ਗਿਆ। ਨਵਜੀਤ ਸਿੰਘ ਨੇ ਅੱਗੇ ਦੱਸਿਆ ਕਿ ਲੋਕ ਸਭਾ ਚੋਣਾਂ ਦੌਰਾਨ ਗੈਰ ਕਾਨੂੰਨੀ ਸ਼ਰਾਬ 'ਤੇ ਸਖ਼ਤੀ ਨਾਲ ਨਿਗਰਾਨੀ ਰੱਖੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਆਬਕਾਰੀ ਵਿਭਾਗ ਦੀਆਂ ਟੀਮਾਂ ਨੂੰ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਕਿ ਦਰਿਆ ਸਤਲੁਜ ਦੇ ਨਾਲ ਲੱਗਦੇ ਪਿੰਡਾਂ ਅਤੇ ਹੋਰਨਾਂ ਥਾਵਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇ ਤਾਂ ਜੋ ਆਦਰਸ਼ ਚੋਣ ਜਾਬਤੇ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਵੀ ਅਜਿਹੇ ਛਾਪੇ ਮਾਰੇ ਜਾਣਗੇ ਤੇ ਦੋਸ਼ੀਆਂ ਖਿਲਾਫ਼ ਮਿਸਾਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਰਕਾਰ ਨੇ ਕਿਸਾਨਾਂ ਦੇ ਗੰਨੇ ਦੇ ਬਕਾਇਆ ਰੁਪਏ ਖਾਤਿਆਂ 'ਚ ਨਾ ਪਾਏ ਤਾਂ ਕੀਤਾ ਜਾਵੇਗਾ ਵਿਰੋਧ : ਪੰਨੂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਦਸੂਹਾ, ਮੁਕੇਰੀਆਂ ਕੀੜੀ ਤੇ ਫਗਵਾੜਾ ਆਦਿ ਖੰਡ ਮਿਲ ਮਾਲਕਾਂ ਵੱਲੋਂ ਕਿਸਾਨਾਂ ਦੀ ਬਣਦੀ ਰਕਮ ਉਨਾਂ ਦੇ ਖਾਤਿਆਂ ਵਿੱਚ ਪਾ ਦਿੱਤੀ ਗਈ ਹੈ ਤੇ ਕਿਸਾਨਾਂ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਨੂੰ ਬਾਰ ਬਾਰ ਅਪੀਲਾਂ ਕਰਨ ਦੇ ਬਾਵਜੂਦ ਦਿੱਤੀ ਜਾਣ ਵਾਲੀ 55 ਰੁਪਏ ਦੀ ਰਕਮ ਜੇਕਰ ਕਿਸਾਨਾਂ ਦੇ ਖਾਤਿਆਂ ਵਿੱਚ ਜਲਦ ਨਾ ਪਾਈ ਤਾਂ ਚੋਣਾਂ ਵਿੱਚ ਇਹਨਾਂ ਦਾ ਸਖਤ ਵਿਰੋਧ ਕੀਤਾ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲਾ ਦੀ ਮਹੀਨਾ ਵਾਰ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਸਾਨ ਆਗੂ ਪਰਮਿੰਦਰ ਸਿੰਘ ਪੰਨੂ ਨੇ ਕੀਤਾ ਇਸ ਸਮੇਂ ਪੰਨੂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰ ਦੀ ਭਾਜਪਾ ਸਰਕਾਰ ਦਾ ਸਵਾਲਾਂ ਦੇ ਰੂਪ ਵਿੱਚ ਵਿਰੋਧ ਦਾ ਸਮਰਥਨ ਕੀਤਾ ਗਿਆ ਕਿਉਂਕਿ ਭਾਜਪਾ ਸਰਕਾਰਾਂ ਵੱਲੋਂ ਪਹਿਲੇ ਅੰਦੋਲਨ ਦੌਰਾਨ ਅਤੇ ਹੁਣ ਕਿਸਾਨਾਂ ਉੱਪਰ ਭਾਰੀ ਤਸ਼ੱਦਦ ਕੀਤਾ ਗਿਆ ਇਸ ਸਮੇਂ ਗੁਰਦੀਪ ਸਿੰਘ ਖੁਣ ਖੁਣ ਨੇ ਕਿਹਾ ਕਿ ਕਿਸਾਨਾਂ ਦੇ ਆਲੂਆਂ ਦੇ ਪੈਸੇ ਮਾਰਨ ਵਾਲੇ ਵਪਾਰੀਆਂ ਖਿਲਾਫ ਜਿੱਥੇ ਪਰਚਾ ਦਰਜ ਹੋਇਆ ਹੈ ਉੱਥੇ ਹਰਿਆਣਾ ਪੁਲਸ ਤੋਂ ਕਿਸਾਨਾਂ ਦੇ ਪੈਸੇ ਮਾਰਨ ਵਾਲੇ ਦੋਸ਼ੀਆਂ ਦੀ ਜਲਦ ਤੋਂ ਜਲਦ ਗ੍ਰਿਫਤਾਰੀ ਦੀ ਮੰਗ ਕੀਤੀ ਗਈ। ਉਹਨਾਂ ਕਿਹਾ ਕਿ ਸ਼ੰਭੂ ਬਾਰਡਰ 'ਤੇ ਚੱਲ ਰਹੇ ਸੰਘਰਸ਼ ਵਿੱਚ ਪਹਿਲਾਂ ਵੀ ਜਥੇਬੰਦੀ ਵੱਲੋਂ ਯੋਗਦਾਨ ਪਾਇਆ ਗਿਆ ਅੱਗੇ ਤੋਂ ਵੀ ਸਮਰਥਨ ਜਾਰੀ ਰਹੇਗਾ। ਇਸ ਸਮੇਂ ਹਰਪ੍ਰੀਤ ਸਿੰਘ ਲਾਲੀ, ਰਣਧੀਰ ਸਿੰਘ ਅਸਲਪੁਰ, ਗੁਰਨਾਮ ਸਿੰਘ ਸਿੰਗੜੀਵਾਲਾ, ਕਿਰਪਾਲ ਸਿੰਘ ਪਡੋਰੀ ਖਜੂਰ, ਬਲਵੀਰ ਸਿੰਘ ਬੱਗੇਵਾਲ, ਕੁਲਦੀਪ ਸਿੰਘ ਦੇਹਰੀਵਾਲ, ਸਤਵੰਤ ਸਿੰਘ ਮੁਰਾਦਪੁਰ, ਬਿੱਕਰ ਸਿੰਘ ਸ਼ੇਰਪੁਰ, ਜਸਪਾਲ ਸਿੰਘ ਖੁਣ ਖੁਣ, ਪੰਜਾਬ ਸਿੰਘ ਨੀਲਾ ਨਲੋਆ, ਪਲਵਿੰਦਰ ਸਿੰਘ ਕੈਲੋ, ਜਗਤ ਸਿੰਘ

12-April-PAGE-9.qxd 4/11/2024 10:36 PM Page 1

ਡਿਪਟੀ ਕਮਿਸ਼ਨਰ ਨੇ ਰਾਮ ਨੌਮੀ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

ਜਲੰਧਰ, (ਸ਼ੈਲੀ ਐਲਬਰਟ ਸੁਰਿੰਦਰ ਕੁਮਾਰ)-ਰਾਮ ਨੌਮੀ ਵਾਲੇ ਦਿਨ 17 ਅਪ੍ਰੈਲ ਨੂੰ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾਣ ਵਾਲੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਿੰਮੇਵਾਰੀਆਂ ਦੀ ਵੰਡ ਕੀਤੀ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਸ਼੍ਰੀ ਰਾਮ ਨੌਮੀ ਉਤਸਵ ਕਮੇਟੀ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸ਼ੋਭਾ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਆਮਦ ਅਤੇ ਸਹੂਲਤ ਦੇ ਮੱਦੇਨਜ਼ਰ ਸਮੁੱਚੇ ਬੰਦੋਬਸਤ ਸਮੇਂ ਸਿਰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਸ਼ਰਧਾਲੂਆਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।ਸ਼ੋਭਾ ਯਾਤਰਾ ਸ਼੍ਰੀ ਰਾਮ ਚੌਕ ਤੋਂ ਭਗਵਾਨ ਵਾਲਮੀਕਿ ਚੌਕ, ਬਸਤੀ ਅੱਡਾ, ਪਟੇਲ ਚੌਕ, ਮਾਈ ਹੀਰਾ ਗੇਟ, ਟਾਂਡਾ ਚੌਕ, ਹੁਸ਼ਿਆਰਪੁਰ ਅੱਡਾ ਚੌਕ, ਸ਼ਹੀਦ ਭਗਤ ਸਿੰਘ ਚੌਕ, ਮਿਲਾਪ ਚੌਕ ਤੋਂ ਹੁੰਦੇ ਹੋਏ ਹਿੰਦ ਸਮਾਚਾਰ ਗਰਾਊਂਡ ਵਿਖੇ ਪੁੱਜੇਗੀ।ਡਾ. ਅਗਰਵਾਲ ਨੇ ਸਬੰਧਤ ਅਧਿਕਾਰੀਆਂ ਨੂੰ ਸ਼ੋਭਾ ਯਾਤਰਾ ਦੇ ਸਮੁੱਚੇ ਰੂਟ 'ਤੇ ਸਾਫ਼-ਸਫਾਈ, ਸਜਾਵਟ, ਐਂਬੂਲੈਂਸਾਂ, ਮੈਡੀਕਲ ਟੀਮਾਂ ਤੇ ਮਹਿਲਾ ਡਾਕਟਰਾਂ ਦੀ ਤਾਇਨਾਤੀ, ਦਵਾਈਆਂ, ਸੜਕਾਂ 'ਤੇ ਪਾਣੀ ਦਾ ਛਿੜਕਾਅ, ਪੀਣ ਵਾਲੇ ਪਾਣੀ ਦੇ ਪ੍ਰਬੰਧ, ਮੋਬਾਇਲ ਟਾਇਲਟ, ਫਾਇਰ ਬ੍ਰਿਗੇਡ, ਨਿਰਵਿਘਨ ਬਿਜਲੀ ਸਪਲਾਈ, ਲਾਈਟਾਂ ਸਮੇਤ ਹੋਰ ਸਮੁੱਚੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਇਹ ਵੀ ਕਿਹਾ ਕਿ ਸ਼ੋਭਾ ਯਾਤਰਾ ਦੇ ਰੂਟ 'ਤੇ ਜੇਕਰ ਕਿਤੇ ਕੋਈ ਖੁੱਲ੍ਹਾ ਹੋਲ, ਡੰਪ ਜਾਂ ਬਿਜਲੀ ਦੀ ਤਾਰ ਨੀਵੀਂ ਹੈ ਤਾਂ ਉਸ ਨੂੰ ਚੌਕ ਕਰਵਾ ਕੇ ਤੁਰੰਤ ਠੀਕ ਕਰਵਾਇਆ ਜਾਵੇ।ਉਨ੍ਹਾਂ ਪੁਲਸ ਵਿਭਾਗ ਨੂੰ ਸ਼ੋਭਾ ਯਾਤਰਾ ਦੌਰਾਨ ਸੁਰੱਖਿਆ, ਸੁਚਾਰੂ ਟ੍ਰੈਫਿਕ ਵਿਵਸਥਾ, ਮਹਿਲਾ ਪੁਲਿਸ ਦੀ ਤਾਇਨਾਤੀ, ਬੈਰੀਕੇਡਿੰਗ ਅਤੇ ਢੁੱਕਵੀਂ ਪਾਰਕਿੰਗ ਯਕੀਨੀ ਬਣਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ।ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਸਮੁੱਚੇ ਪ੍ਰਬੰਧਾਂ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਯਕੀਨੀ ਬਣਾਈ ਜਾਵੇ। ਉਨ੍ਹਾਂ ਸ਼੍ਰੀ ਰਾਮ ਨੌਮੀ ਉਤਸਵ ਕਮੇਟੀ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ੋਭਾ ਯਾਤਰਾ ਸਬੰਧੀ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ, ਜਿਸ ਸਬੰਧੀ ਵੱਖ-ਵੱਖ ਵਿਭਾਗਾਂ ਨੂੰ ਡਿਊਟੀਆਂ ਸੌਂਪ ਦਿੱਤੀਆਂ ਗਈਆਂ ਹਨ।ਇਸ ਮੌਕੇ ਜੁਆਇੰਟ ਕਮਿਸ਼ਨਰ ਪੁਲਿਸ ਸੰਦੀਪ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ, ਐਸ.ਡੀ.ਐਮ. ਜੈ ਇੰਦਰ ਸਿੰਘ ਤੇ ਬਲਬੀਰ ਰਾਜ ਸਿੰਘ, ਜੁਆਇੰਟ ਕਮਿਸ਼ਨਰ ਨਗਰ ਨਿਗਮ ਜਲੰਧਰ ਪੁਨੀਤ ਸ਼ਰਮਾ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

0 ਤੋਂ 16 ਸਾਲ ਤੱਕ ਦੇ ਬੱਚਿਆਂ ਦਾ ਕੀਤਾ ਟੀਕਾਕਰਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)— ਸਿਵਲ ਸਰਜਨ ਹੁਸ਼ਿਆਰਪੁਰ ਡਾ: ਬਲਵਿੰਦਰ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਮੰਡ ਪੰਧੇਰ ਡਾ.ਐਸ.ਪੀ.ਸਿੰਘ ਦੀ ਦੇਖ-ਰੇਖ ਹੇਠ ਪਿੰਡ ਸੁੰਡੀਆ ਵਿਖੇ ਮਮਤਾ ਦਿਵਸ ਮਨਾਇਆ ਗਿਆ ਅਤੇ ਸਿਹਤ ਟੀਮ ਪ੍ਰਮੋਦ ਗਿੱਲ, ਸੁਰਿੰਦਰ ਕੌਰ ਏ.ਐਨ.ਐਮ ਵੱਲੋਂ 0 ਤੋਂ 16 ਸਾਲ ਤੱਕ ਦੇ ਬੱਚਿਆਂ ਦਾ ਟੀਕਾਕਰਨ ਕੀਤਾ ਗਿਆ। ਇਸ ਮੌਕੇ ਪ੍ਰਮੋਦ ਗਿੱਲ ਅਤੇ ਸੁਰਿੰਦਰ ਕੌਰ ਏ.ਐਨ.ਐਮ ਨੇ ਦੱਸਿਆ ਕਿ ਪਿੰਡ ਸੁੰਡੀਆ ਵਿਖੇ ਮਹੀਨੇ ਦੇ ਹਰ ਦੂਜੇ ਬੁੱਧਵਾਰ ਨੂੰ ਮਮਤਾ ਦਿਵਸ ਮਨਾਇਆ ਜਾਂਦਾ ਹੈ ਅਤੇ 0 ਤੋਂ 16 ਸਾਲ ਤੱਕ ਦੇ ਬੱਚਿਆਂ ਦਾ ਟੀਕਾਕਰਨ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਪਿੰਡ ਸੁੰਡੀਆ ਵਿਖੇ ਮਮਤਾ ਦਿਵਸ ਮੌਕੇ ਗਰਭਵਤੀ ਔਰਤਾਂ ਨੂੰ ਟੈਟਨਸ ਡਿਪਥੀਰੀਆ (ਟੀ.ਡੀ.) ਦਾ ਟੀਕਾ ਲਗਾਇਆ ਗਿਆ ਅਤੇ 0 ਤੋਂ 16 ਸਾਲ ਤੱਕ ਦੇ ਬੱਚਿਆਂ ਨੂੰ ਕਈ ਬਿਮਾਰੀਆਂ ਤੋਂ ਬਚਾਉਣ ਲਈ ਬੀ.ਸੀ.ਜੀ., ਪੋਲੀਓ ਵੈਕਸੀਨ, ਪੈਂਟਾਵੈਲੈਂਟ, ਰੋਟਾਵਾਇਰਸ, ਪੀ.ਸੀ.ਵੀ., ਆਈ.ਪੀ.ਬੀ., ਮੀਜ਼ਲਜ਼ ਰੁਬੇਲਾ, ਡੀ.ਪੀ.ਟੀ, ਆਦਿ ਦੇ ਟੀਕੇ ਲਗਾਏ ਗਏ। ਇਸ ਮੌਕੇ ਅਨੂੰ ਆਂਗਣਵਾੜੀ ਵਰਕਰ, ਆਸ਼ਾ ਵਰਕਰ ਜਗਦੀਪ ਆਦਿ ਹਾਜ਼ਰ ਸਨ।

ਤਨਖਾਹਾਂ ਦੇਣ 'ਚ ਸਰਕਾਰ ਦੂਜੇ ਮਹੀਨੇ ਵੀ ਪਛੜੀ : ਬੱਲੀ

ਮਹਿਤਪੁਰ (ਰਾਜਾ) ਸਰਕਾਰ ਵੱਲੋਂ ਪੰਜਾਬ ਦੇ ਅਧਿਆਪਕਾਂ ਦੀ ਤਨਖਾਹਾਂ ਲਗਾਤਾਰ ਦੂਜੇ ਮਹੀਨੇ ਵੀ ਅੱਜ ਤੱਕ ਜਾਰੀ ਨਾ ਕਰਨ ਦੀ ਨਿਖੇਧੀ ਕਰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ, ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ ਤੇ ਸੂਬਾ ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਕਿਹਾ ਕਿ ਇਸ਼ਤਿਹਾਰਾਂ ਉਪਰ ਕਰੋੜਾਂ ਰੁਪਏ ਹਰ ਮਹੀਨੇ ਖ਼ਰਚਣ ਵਾਲੀ ਪੰਜਾਬ ਸਰਕਾਰ ਵੱਲੋਂ ਪਿਛਲੇ ਦੋ ਮਹੀਨਿਆਂ ਤੋਂ ਆਪਣੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਵੀ ਨਹੀਂ ਦਿੱਤੀਆਂ ਜਾ ਸਕੀਆਂ ਹਨ। ਕਈ ਜ਼ਿਲ੍ਹਿਆਂ ਵਿੱਚ ਫ਼ਰਵਰੀ, ਮਾਰਚ ਦੀ ਤਨਖ਼ਾਹ ਵੀ ਅਜੇ ਤੱਕ ਨਹੀਂ ਮਿਲੀ ਹੈ। ਆਗੂਆਂ ਨੇ ਕਿਹਾ ਕਿ ਪੰਜ ਤਰੀਕ ਦੇ ਤਨਖ਼ਾਹ ਬਿੱਲ ਖਜ਼ਾਨੇ ਦਫ਼ਤਰਾਂ ਵਿੱਚ ਪਏ ਹਨ ਪਰ ਜ਼ੁਬਾਨੀ ਹੁਕਮਾਂ ਨਾਲ ਖਜ਼ਾਨੇ ਦਫ਼ਤਰਾਂ ਨੂੰ ਤਨਖਾਹਾਂ ਜਾਰੀ ਕਰਨ ਤੋਂ ਰੋਕਿਆ ਗਿਆ ਹੈ।ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ ਅਨੁਸਾਰ ਮੁਲਾਜ਼ਮਾਂ ਨੂੰ ਤਨਖ਼ਾਹ ਹਰ ਮਹੀਨੇ ਦੀ ਸੱਤ ਤਰੀਕ ਤੱਕ ਹਰ ਹਾਲਤ ਵਿੱਚ ਮਿਲ ਜਾਣੀ ਚਾਹੀਦੀ ਹੈ ਪਰ ਹਾਲਤ ਇਹ ਹਨ ਕਿ ਫ਼ਰਵਰੀ ਮਹੀਨੇ ਵਿੱਚ ਵੀ ਬਹੁਤੇ ਜ਼ਿਲ੍ਹਿਆਂ ਦੇ ਅੱਧੇ ਤੋਂ ਵੱਧ ਅਧਿਆਪਕ ਤਨਖ਼ਾਹ ਤੋਂ ਵਾਂਝੇ ਰਹਿ ਗਏ ਅਤੇ ਉਨ੍ਹਾਂ ਨੂੰ ਆਸ ਸੀ ਕਿ ਹੁਣ ਪਿਛਲੇ ਦੋ ਮਹੀਨਿਆਂ ਦੀ ਤਨਖ਼ਾਹ ਇਕੱਠੀ ਜਲਦ ਮਿਲ ਜਾਵੇਗੀ ਪਰ ਦੱਸ ਤਰੀਕ ਤੱਕ ਮੁਲਾਜ਼ਮ ਤਨਖਾਹਾਂ ਨੂੰ ਹੀ ਉਡੀਕਦੇ ਰਹੇ । ਨਵਾਂ ਸ਼ੈਸ਼ਨ ਸ਼ੁਰੂ ਹੋਣ ਕਾਰਣ ਜਿੱਥੇ ਬੱਚਿਆਂ ਦੀਆਂ ਫ਼ੀਸਾਂ, ਕਿਤਾਬਾਂ ਲੈਣ ਦਾ ਆਰਥਿਕ ਬੋਝ ਜ਼ਿਆਦਾ ਸੀ ਉੱਥੇ ਦੋ ਮਹੀਨਿਆਂ ਤੋਂ ਕਈ ਮੁਲਾਜ਼ਮ ਕਰਜ਼ੇ ਦੀਆਂ ਕਿਸ਼ਤਾਂ ਨਾ ਦੇਣ ਕਾਰਣ ਬੈਂਕਾਂ ਦੇ ਵੀ ਡਿਫਾਲਟਰ ਹੋ ਗਏ। ਜੀਟੀਯੂ ਪੰਜਾਬ (ਵਿਗਿਆਨਿਕ) ਦੇ ਸੂਬਾਈ ਆਗੂ ਗੁਰਜੀਤ ਸਿੰਘ, ਕੰਵਲਜੀਤ ਸੰਗੋਵਾਲ, ਪ੍ਰਗਟ ਸਿੰਘ ਜੰਬਰ, ਜਤਿੰਦਰ ਸਿੰਘ ਸੋਨੀ, ਸੁੱਚਾ ਸਿੰਘ ਚਾਹਲ, ਜਗਤਾਰ ਸਿੰਘ ਖਮਾਣੋਂ, ਰੇਸ਼ਮ ਸਿੰਘ ਫਾਜਿਲਕਾ, ਰਣਜੀਤ ਸਿੰਘ ਰਬਾਬੀ, ਧਰਮਿੰਦਰ ਠਾਕਰੇ, ਸੁਖਪਾਲ ਕੌਰ ਨੇ ਮੰਗ ਕੀਤੀ ਕਿ ਅਧਿਆਪਕਾਂ ਦੀ ਫ਼ਰਵਰੀ ,ਮਾਰਚ ਦੀ ਤਨਖ਼ਾਹ ਤੁਰੰਤ ਜਾਰੀ ਕੀਤੀ ਜਾਵੇ।

ਰਿਆਤ ਬਾਹਰਾ 'ਵਰਸਿਟੀ ਵਿਖੇ ਵਿਸ਼ਵ ਸਿਹਤ ਦਿਵਸ ਮੌਕੇ ਕੱਢੀ ਰੈਲੀ

ਕੁਰਾਲੀ (ਮੋਹਨ ਅਗਰਵਾਲ)—ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ਼ ਐਗਰੀਕਲਚਰ ਸਾਇੰਸਿਜ਼ ਵੱਲੋਂ 'ਮੇਰੀ ਸਿਹਤ, ਮੇਰਾ ਹੱਕ' ਦੀ ਥੀਮ 'ਤੇ ਬਾਜਰੇ ਖਾਣ ਦੇ ਲਾਭ ਵਿਸ਼ੇ 'ਤੇ ਸਲੋਗਨ ਲਿਖਣ ਮੁਕਾਬਲੇ ਦਾ ਆਯੋਜਨ ਕਰਕੇ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ ।ਇਸ ਸਮਾਗਮ ਵਿੱਚ 75 ਤੋਂ ਵੱਧ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਬਾਜਰੇ ਖਾਣ ਬਾਰੇ ਬਹੁਤ ਹੀ ਆਕਰਸ਼ਕ ਸਲੋਗਨ ਲਿਖੇ ਜਿਵੇਂ ਕਿ "ਬਾਜਰਾ ਖਾਓ, ਸਿਹਤਮੰਦ ਰਹੋ ਸਿਹਤ ਹੀ ਦੌਲਤ ਹੈ , ਬਾਜਰੇ ਉਗਾਓ, ਪਾਣੀ ਬਚਾਓ ਅਤੇ ਬਾਜਰਾ ਸੁਪਰ ਫੂਡ ਵਜੋਂ । ਰੈਲੀ ਦੀ ਸ਼ੁਰੂਆਤ ਤੋਂ ਪਹਿਲਾਂ ਯੂਨੀਵਰਸਿਟੀ ਸਕੂਲ ਆਫ਼ ਐਗਰੀਕਲਚਰ ਸਾਇੰਸਜ਼ ਦੀ ਮੁਖੀ ਡਾ: ਅਮਿਤਾ ਮਹਾਜਨ ਨੇ ਸੰਪੂਰਨ ਸਿਹਤ ਬਾਰੇ ਸੰਖੇਪ ਅਤੇ ਜਾਣਕਾਰੀ ਭਰਪੂਰ ਭਾਸ਼ਣ ਦਿੱਤਾ ਜਿਸ ਵਿੱਚ ਨਾ ਸਿਰਫ਼ ਸਰੀਰਕ ਸਿਹਤ, ਸਗੋਂ ਮਾਨਸਿਕ ਸਿਹਤ, ਸਮਾਜਿਕ ਅਤੇ ਅਧਿਆਤਮਿਕ ਸਿਹਤ ਵੀ ਸ਼ਾਮਲ ਹੈ ਅਤੇ ਬਿਹਤਰ ਖਾਓ ਅਤੇ ਆਪਣੇ ਅਤੇ ਸਮਾਜ ਦੇ ਫਾਇਦੇ ਲਈ ਚੰਗੀ ਸਿਹਤ ਬਣਾਈ ਰੱਖਣ ਬਾਰੇ ਵਿਦਿਆਰਥੀਆਂ ਨੂੰ ਸੋਚਣ ਲਈ ਮਾਰਗਦਰਸ਼ਨ ਕੀਤਾ। ਡਾ.ਕੇ.ਐਸ.ਚੰਡੇਲ, ਪ੍ਰੋਫੈਸਰ (ਖੇਤੀਬਾੜੀ) ਨੇ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਦੇ ਨਾਲ-ਨਾਲ ਸੰਤੁਲਿਤ ਖੁਰਾਕ ਖਾਣ ਅਤੇ ਤੰਦਰੁਸਤ ਰਹਿਣ ਲਈ ਮੈਡੀਕਲ ਵਿਗਿਆਨ ਨਾਲ ਤਾਲਮੇਲ ਕਰਕੇ ਯੋਗਾ ਅਭਿਆਸ ਕਰਨ 'ਤੇ ਜ਼ੋਰ ਦਿੱਤਾ।ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਕਿਹਾ ਕਿ ਵਿਸ਼ਵ ਸਿਹਤ ਦਿਵਸ 2024 ਦਾ ਥੀਮ 'ਮੇਰੀ ਸਿਹਤ, ਮੇਰਾ ਹੱਕ' ਹੈ। ਇਸ ਸਾਲ ਦਾ ਥੀਮ ਹਰ ਕਿਸੇ ਦੇ ਹੱਕ, ਹਰ ਜਗ੍ਹਾ ਮਿਆਰੀ ਸਿਹਤ ਸੇਵਾਵਾਂ, ਸਿੱਖਿਆ ਅਤੇ ਜਾਣਕਾਰੀ ਤੱਕ ਪਹੁੰਚ ਦੇ ਨਾਲ-ਨਾਲ ਸੁਰੱਖਿਅਤ ਪੀਣ ਵਾਲਾ ਪਾਣੀ, ਸਾਫ਼ ਹਵਾ, ਚੰਗੀ ਪੋਸ਼ਣ, ਗੁਣਵੱਤਾ ਵਾਲੀ ਰਿਹਾਇਸ਼, ਵਧੀਆ ਕੰਮ ਕਰਨ ਅਤੇ ਵਾਤਾਵਰਣ ਦੀਆਂ ਸਥਿਤੀਆਂ ਅਤੇ ਆਜ਼ਾਦੀ ਲਈ ਚੁਣਿਆ ਗਿਆ ਸੀ।ਇਸ ਦੌਰਾਨ ਸਲੋਗਨ ਲਿਖਣ ਮੁਕਾਬਲੇ ਵਿੱਚ ਪਹਿਲਾ ,ਦੂਜਾ ਅਤੇ ਤੀਜਾ ਇਨਾਮ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਪੁਲਸ ਨੇ ਏ ਟੀ ਐੱਮ ਨਾਲ ਛੇੜਛਾੜ ਕਰਨ ਵਾਲੇ ਨੂੰ ਕੀਤਾ ਗ੍ਰਿਫ਼ਤਾਰ

ਜਲੰਧਰ, (ਸ਼ੈਲੀ ਐਲਬਰਟ):-ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਏ.ਟੀ.ਐਮ ਦੀ ਛੇੜ ਛਾੜ ਦੇ ਰਹੱਸਮਈ ਮਾਮਲੇ ਨੂੰ ਕੁਝ ਘੰਟਿਆਂ ਵਿਚ ਹੀ ਸੁਲਝਾ ਲਿਆ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਕੈਸ਼ ਲੋਡਿੰਗ ਮਸ਼ੀਨ ਦੇ ਮਾਲਕ ਦੀਪਕ ਸ਼ਰਮਾ ਨੇ ਸ਼ਿਕਾਇਤ ਕੀਤੀ ਹੈ ਕਿ 10, ਅਪ੍ਰੈਲ 2024 ਨੂੰ ਉਸ ਨੂੰ ਇੱਕ ਗਾਹਕ ਦਾ ਕਾਲ ਆਇਆ ਜਿਸ ਨੇ ਕਰੀਬ 04 ਵਜੇ ਹਿਟਾਚੀ ਏ ਟੀ ਐਮ ਤੋਂ ਨਕਦੀ ਕਢਵਾਉਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸ਼ਰਮਾ ਨੂੰ ਤਿੰਨ ਦਿਨ ਪਹਿਲਾਂ ਅਜਿਹੀ ਸੂਚਨਾ ਮਿਲੀ ਸੀ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਏ.ਟੀ.ਐਮ ਦੀ ਫਿਜ਼ੀਕਲ ਜਾਂਚ ਕਰਨ 'ਤੇ ਪੁਲਸ ਪਾਰਟੀ ਅਤੇ ਬੈਂਕ ਦੀ ਟੀਮ ਨੂੰ ਕੈਸ਼ ਡਿਸਪੈਂਸਰ 'ਤੇ ਪਲਾਸਟਿਕ ਦੀ ਸ਼ੀਟ ਮਿਲੀ। ਬਾਹਰ ਖੜ੍ਹੇ ਇੱਕ ਅਣਪਛਾਤੇ ਵਿਅਕਤੀ ਨੂੰ ਵੀ ਉਨ੍ਹਾਂ ਨੇ ਸ਼ੱਕੀ ਤੌਰ 'ਤੇ ਦੇਖਿਆ।

ਉਨ੍ਹਾਂ ਦੱਸਿਆ ਕਿ ਸੀਸੀਟੀਵੀ ਦੀ ਫੁਟੇਜ ਦੀ ਜਾਂਚ ਕੀਤੀ ਗਈ ਤਾਂ ਉਕਤ ਵਿਅਕਤੀ ਏ.ਟੀ.ਐਮ ਨਾਲ ਛੇੜਛਾੜ ਦੀ ਕੋਸ਼ਿਸ਼ ਕਰਦਾ ਪਾਇਆ ਗਿਆ।ਇਸ ਅਣਪਛਾਤੇ ਵਿਅਕਤੀ ਵਿਰੁੱਧ ਥਾਣਾ ਡਿਵੀਜ਼ਨ 5 ਜਲੰਧਰ ਵਿਖੇ ਐਫਆਈਆਰ 52 ਮਿਤੀ 10-04-2024 ਅਧੀਨ 380,420,454,511 ਆਈਪੀਸੀ ਦਰਜ ਕੀਤੀ ਗਈ ਸੀ। ਦੋਸ਼ੀ ਦੀ ਪਹਿਚਾਣ ਰਵੀ ਪਾਲ ਪੁੱਤਰ ਗੁਰਮੀਤ ਰਾਮ ਵਾਸੀ ਪਿੰਡ ਹੀਰਾਪੁਰ ਥਾਣਾ ਲਾਂਬੜਾ ਜਲੰਧਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਖ਼ਿਲਾਫ਼ ਪਹਿਲਾਂ ਹੀ ਦੋ ਕੇਸ ਚੱਲ ਰਹੇ ਹਨ।

ਸ੍ਰੀ ਗੁਰੂ ਰਵਿਦਾਸ ਸਦਨ ਖੁਰਾਲਗੜ੍ਹ ਵਿਖੇ ਸਮਾਗਮ ਅੱਜ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਸ੍ਰੀ ਗੁਰੂ ਰਵਿਦਾਸ ਸਦਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਸਮਾਗਮ 12 ਅਪ੍ਰੈਲ ਨੂੰ ਸਵੇਰੇ 10 ਵਜੇ ਤੋਂ ਸ਼ਾਮ ਚਾਰ ਵਜੇ ਤਕ ਬੜੀ ਸ਼ਰਧਾ ਪੂਰਵਕ ਸਜਾਏ ਜਾਣਗੇ। ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਸੰਤ ਸਰਵਣ ਦਾਸ ਜੀ ਬੋਹਣ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ ਨੇ ਕਿਹਾ ਕਿ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ,ਸੰਤ ਸਮਾਗਮ ਦੇ ਦੀਵਾਨ ਸਜਾਏ ਜਾਣਗੇ,ਜਿਸ ਵਿੱਚ ਰਾਗੀ,ਕਥਾਵਾਚਕ, ਬੁੱਧੀਜੀਵੀ ਅਤੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਇਤਿਹਾਸ ਤੋਂ ਜਾਣੂ ਕਰਾਉਣਗੇ। ਉਨਾਂ ਦੱਸਿਆ ਕਿ ਸਮਾਗਮਾਂ ਵਿੱਚ ਧਾਰਮਿਕ, ਸਮਾਜਿਕ, ਰਾਜਨੀਤਕ ਸ਼ਖ਼ਸੀਅਤਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋ ਕੇ ਹਾਜਰੀ ਭਰਨਗੀਆਂ ਤੇ ਇਸ ਦਿਨ ਮੁਫਤ ਅੱਖਾਂ ਅਤੇ ਮੈਡੀਕਲ ਕੈਂਪ ਲਗਾਇਆ ਜਾਵੇਗਾ। ਇਸ ਮੌਕੇ ਸੰਤ ਇੰਦਰ ਦਾਸ ਸ਼ੇਖੇ ਜਨਰਲ ਸਕੱਤਰ, ਸੰਤ ਸਰਵਣ ਦਾਸ ਲੁਧਿਆਣਾ ਸੀਨੀ

12-APRIL-PAGE-10.qxd 4/11/2024 10:31 PM Page 1

ਡਾ. ਬਲਬੀਰ ਸਿੰਘ ਹਸਪਤਾਲ ਦੇ ਗੇਟ ਅੱਗੇ ਧਰਨਾ ਪ੍ਰਦਰਸ਼ਨ

- ਡਰਾਇਵਰ 'ਤੇ ਪੈਸੇ ਚੋਰੀ ਕਰਨ ਦੇ ਇਲਾਜ਼ਾਮਾਂ ਮਗਰੋਂ ਪੀੜਤ ਨੇ ਨਿਗਲਿਆ ਜ਼ਹਿਰ
- ਸਾਡੇ ਕੋਲ ਚੋਰੀ ਦੇ ਪੁਖਤਾ ਸਬੂਤ ਹਨ : ਡਾ. ਬਲਜੀਤ ਸਿੰਘ

ਹਸਪਤਾਲ ਦੇ ਬਾਹਰ ਪ੍ਰਦਰਸ਼ਨ ਕਰਦੇ ਧਰਨਾਕਾਰੀ।

ਭਗਤਾ ਭਾਈ ਕਾ (ਰਾਜੀਵ ਗੋਇਲ)

ਸਥਾਨਕ ਸ਼ਹਿਰ ਤੇ ਇਲਾਕੇ ਦੇ ਮਸ਼ਹੂਰ ਹਸਪਤਾਲ ਡਾ. ਬਲਬੀਰ ਸਿੰਘ ਹਸਪਤਾਲ ਦੇ ਬਾਹਰ ਉਸ ਸਮੇਂ ਮਾਹੌਲ ਤਣਾਅਪੂਰਨ ਬਣ ਗਿਆ, ਜਦੋਂ ਇਸੇ ਹਸਪਤਾਲ ਵਿੱਚ ਡਰਾਇਵਰ ਵਜੋਂ ਨੌਕਰੀ ਕਰਦੇ ਜੱਗਾ ਸਿੰਘ ਵੱਲੋਂ ਕੋਈ ਜ਼ਹਿਰੀਲਾ ਪਦਾਰਥ ਨਿਗਲ ਲਿਆ ਗਿਆ।

ਜਾਣਕਾਰੀ ਅਨੁਸਾਰ ਸਥਾਨਕ ਸ਼ਹਿਰ ਦੇ ਡਾ. ਬਲਬੀਰ ਸਿੰਘ ਹਸਪਤਾਲ ਵਿੱਚ ਹਸਪਤਾਲ ਦੇ ਸੰਚਾਲਕ ਡਾਕਟਰ ਪਾਸ ਡਰਾਇਡਰ ਵਜੋਂ ਨੌਕਰੀ ਕਰਦੇ ਜੱਗਾ ਸਿੰਘ ਵੱਲੋਂ ਬੀਤੇ ਦਿਨ ਜ਼ਹਿਰ ਨਿਗਲ ਲਿਆ ਗਿਆ, ਕਿਉਂਕਿ ਉਕਤ ਡਰਾਇਵਰ 'ਤੇ ਇਲਾਜ਼ਾਮ ਸੀ ਕਿ ਜੱਗਾ ਸਿੰਘ ਨੇ ਡਾਕਟਰ ਮੈਡਮ ਦੇ ਪੈਸੇ ਚੋਰੀ ਕੀਤੇ ਹਨ। ਡਾਕਟਰ ਦੇ ਦੱਸਣ ਮੁਤਾਬਿਕ ਕਰੀਬ 5 ਅਪ੍ਰੈਲ ਦੀ ਵਾਪਰੀ ਇਸ ਘਟਨਾ ਤੋਂ ਬਾਅਦ ਉਕਤ ਡਰਾਇਵਰ ਤੋਂ ਪਿਆਰ ਨਾਲ ਪੁੱਛਗਿੱਛ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਸ਼ਾਇਦ ਅਸਫਲ ਰਹੇ। ਉਸ ਤੋਂ ਬਾਅਦ ਪ੍ਰਸ਼ਾਸਨ ਦਾ ਸਹਾਰਾ ਲਿਆ ਗਿਆ। ਪ੍ਰਸ਼ਾਸਨ ਦੀ ਦਖਲ ਅੰਦਾਜ਼ੀ ਤੋਂ ਬਾਅਦ ਉਕਤ ਡਰਾਇਵਰ ਬੇਇੱਜ਼ਤੀ ਮਹਿਸੂਸ ਕਰਦਾ ਹੋਇਆ ਜ਼ਹਿਰ ਨਿਗਲ ਗਿਆ, ਜਿਸ ਤੋਂ ਬਾਅਦ ਪੀੜਤ ਡਰਾਇਵਰ ਦੇ ਪਰਿਵਾਰਕ ਮੈਂਬਰਾਂ ਤੇ ਹਮਾਇਤੀਆਂ ਵੱਲੋਂ ਹਸਪਤਾਲ ਦੇ ਬਾਹਰ ਧਰਨਾ ਪ੍ਰਦਰਸ਼ਨ ਕਰਦੇ ਹੋਏ ਡਾਕਟਰਾਂ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਇਸ ਮਸਲੇ ਵਿੱਚ ਹਸਪਤਾਲ 'ਚ ਦਵਾਈਆਂ ਦੀ ਦੁਕਾਨ ਕਰਨ ਵਾਲੇ ਦਾ ਵੀ ਨਾਮ ਗੂੰਜਦਾ ਸੁਣਾਈ ਦਿੱਤਾ। ਡਰਾਇਵਰ ਦੇ ਪਰਵਾਰ ਦਾ ਇਲਾਜ਼ਾਮ ਸੀ ਕਿ ਡਾਕਟਰਾਂ ਵੱਲੋਂ ਜੱਗਾ ਸਿੰਘ 'ਤੇ ਨਜਾਇਜ਼ ਦੋਸ਼ ਲਗਾਏ ਗਏ ਹਨ, ਜਦਕਿ ਡਾਕਟਰ ਬਲਜੀਤ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਕੋਲ ਸੀ.ਸੀ.ਟੀ.ਵੀ. ਦੀ ਵੀਡੀਓ ਸਮੇਤ ਪੁਖਤਾ ਸਬੂਤ ਹਨ, ਜਿਹੜੇ ਪ੍ਰਸ਼ਾਸਨ ਨੂੰ ਸੌਂਪ ਦਿੱਤੇ ਗਏ ਹਨ, ਪਰ ਇਸ ਮਸਲੇ ਤੋਂ ਬਾਅਦ ਪੀੜਤ ਡਰਾਇਵਰ ਦੇ ਹੱਕ ਵਿੱਚ ਆਮ ਲੋਕ ਨਿੱਤਰਦੇ ਨਜ਼ਰ ਆ ਰਹੇ ਸਨ। ਇੱਕ ਪਾਸੇ ਡਰਾਇਵਰ ਦਾ ਪਰਵਾਰ ਧਰਨਾ ਪ੍ਰਦਰਸ਼ਨ ਕਰਕੇ ਇਨਸਾਫ ਮੰਗ ਰਿਹਾ ਤੇ ਦੂਜੇ ਪਾਸੇ ਸੰਬੰਧਤ ਡਾਕਟਰ ਇਸ ਮਸਲੇ ਨੂੰ ਪ੍ਰਸ਼ਾਸਨ ਦੇ ਹਵਾਲੇ ਕਰਕੇ ਨਿਬੇੜੇ ਦੀ ਉਡੀਕ ਕਰ ਰਿਹਾ। ਖਬਰ ਲਿਖੇ ਜਾਣ ਤੱਕ ਧਰਨਾ ਪ੍ਰਦਰਸ਼ਨ ਜਾਰੀ ਸੀ। ਮਸਲੇ ਨੂੰ ਲੈ ਕੇ ਸੰਬੰਧਤ ਥਾਣਾ ਮੁਖੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਪੀੜਤ ਦਾ ਬਿਆਨ ਦਰਜ ਕਰਨ ਤੋਂ ਬਾਅਦ ਹੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਲੋਕ ਸੇਵਾ ਸੁਸਾਇਟੀ ਨੇ ਸਕੂਲ ਨੂੰ ਦਿੱਤੇ ਕੰਪਿਊਟਰ ਟੇਬਲ

ਜਗਰਾਉਂ (ਸੰਜੀਵ ਅਰੋੜਾ)-ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਗੌਰਮਿੰਟ ਪ੍ਰਾਇਮਰੀ ਸੈਂਟਰਲ (ਲੜਕੇ) ਸਕੂਲ ਨੂੰ ਦੋ ਕੰਪਿਊਟਰ ਟੇਬਲ ਦਿੱਤੇ ਗਏ। ਇਸ ਮੌਕੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਸਕੂਲ ਪ੍ਰਬੰਧਕਾਂ ਨੂੰ ਕੰਪਿਊਟਰ ਟੇਬਲ ਦੇਣ ਸਮੇਂ ਦੱਸਿਆ ਕਿ ਸੁਸਾਇਟੀ ਵੱਲੋਂ ਹੁਣ ਤੱਕ ਸਕੂਲ ਨੂੰ ਪੰਜ ਐੱਲ ਈ ਡੀ, ਬੱਚਿਆਂ ਨੂੰ ਸਰਦੀਆਂ ਦੇ ਮੌਸਮ ਵਿੱਚ ਗਰਮ ਜਰਸੀਆਂ, ਸਕੂਲ ਦੇ ਕਮਰਿਆਂ ਲਈ ਛੱਤ ਵਾਲੇ ਪੱਖੇ, ਮਿੱਡ ਡੇ ਮੀਲ ਦੀ ਰਸੋਈ ਦੀ ਛੱਤ, ਪਾਣੀ ਵਾਲੀਆਂ ਟੂਟੀਆਂ, ਸ਼ੈੱਡ, ਸਟਾਫ਼ ਲਈ ਕੁਰਸੀਆਂ, ਆਫ਼ਿਸ ਟੇਬਲ, ਕੰਪਿਊਟਰ ਪ੍ਰਿੰਟਰ ਸਮੇਤ ਹੋਰ ਵੀ ਕਾਫੀ ਸਾਮਾਨ ਸਕੂਲ ਪ੍ਰਬੰਧਕਾਂ ਦੀ ਮੰਗ ਅਨੁਸਾਰ ਸਮੇਂ ਸਮੇਂ ਦਿੱਤਾ ਗਿਆ ਹੈ। ਉਨ੍ਹਾਂ ਸਕੂਲ ਪ੍ਰਬੰਧਕਾਂ ਨੂੰ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਜੇ ਕੋਈ ਹੋਰ ਸਾਮਾਨ ਦੀ ਜ਼ਰੂਰਤ ਪਵੇਗੀ ਤਾਂ ਸੁਸਾਇਟੀ ਉਨ੍ਹਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਦੀ ਭਰਪੂਰ ਕੋਸ਼ਿਸ਼ ਕਰੇਗੀ। ਇਸ ਮੌਕੇ ਸਕੂਲ ਦੀ ਹੈੱਡ ਸੁਰਿੰਦਰ ਕੌਰ, ਮਧੂ ਬਾਲਾ, ਗੀਤਾ ਰਾਣੀ, ਕਾਂਤਾ ਰਾਣੀ, ਹਰਿੰਦਰ ਕੌਰ ਤੇ ਕੁਲਵਿੰਦਰ ਕੌਰ ਨੇ ਲੋਕ ਸੇਵਾ ਸੁਸਾਇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਕੂਲ ਦੀ ਸਮੁੱਚੀ ਪ੍ਰਬੰਧਕੀ ਕਮੇਟੀ ਲੋਕ ਸੇਵਾ ਸੁਸਾਇਟੀ ਦਾ ਹਮੇਸ਼ਾ ਹੀ ਰਿਣੀ ਰਹੇਗੀ। ਇਸ ਮੌਕੇ ਸੁਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਰਜਿੰਦਰ ਜੈਨ ਕਾਕਾ, ਪੀ ਆਰ ਓ ਸੁਖਦੇਵ ਗਰਗ, ਆਰ ਕੇ ਗੋਇਲ, ਪ੍ਰੋਜੈਕਟ ਕੈਸ਼ੀਅਰ ਰਜੀਵ ਗੁਪਤਾ, ਮੁਕੇਸ਼ ਗੁਪਤਾ, ਡਾਕਟਰ ਭਾਰਤ ਭੂਸ਼ਨ ਬਾਂਸਲ, ਲਾਕੇਸ਼ ਟੰਡਨ, ਪ੍ਰੋਜੈਕਟ ਚੇਅਰਮੈਨ ਕੰਵਲ ਕੱਕੜ, ਸੰਜੀਵ ਚੋਪੜਾ, ਅਨਿਲ ਮਲਹੋਤਰਾ ਸਮੇਤ ਸਕੂਲ ਸਟਾਫ਼ ਹਾਜ਼ਰ ਸੀ।

ਪੰਜਾਬ 'ਚ ਭਾਜਪਾ ਉਮੀਦਵਾਰਾਂ ਦਾ ਕਰਾਂਗੇ ਵਿਰੋਧ : ਲੱਖੋਵਾਲ

- ਕਿਸਾਨ ਆਪਣੀ ਫ਼ਸਲ ਸਾਈਲੋਜ਼ ਚ ਨਾ ਲਿਜਾ ਕੇ ਮੰਡੀਆਂ 'ਚ ਹੀ ਵੇਚਣ

ਸਮਰਾਲਾ (ਸੁਰਜੀਤ ਸਿੰਘ)

ਭਾਰਤੀ ਕਿਸਾਨ ਯੂਨੀਅਨ ਪੰਜਾਬ ਰਜਿ: ਦੀ ਮਹੀਨੇਵਾਰ ਮੀਟਿੰਗ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਬੀਕੇਯੂ ਦੀ ਪ੍ਰਧਾਨਗੀ ਹੇਠ ਯੂਨੀਅਨ ਦੇ ਮੁੱਖ ਦਫ਼ਤਰ ਵਿਖੇ ਹੋਈ, ਜਿਸ ਵਿੱਚ ਅਵਤਾਰ ਸਿੰਘ ਮੇਹਲੋਂ ਸਰਪਰਸਤ ਤੇ ਯੂਨੀਅਨ ਦੇ ਅਹੁਦੇਦਾਰ, ਅਗਜ਼ੈਕਟਿਵ ਮੈਂਬਰ ਤੇ ਸਾਰੇ ਜ਼ਿਲ੍ਹਾ ਪ੍ਰਧਾਨ ਸ਼ਾਮਲ ਹੋਏ। ਮੀਟਿੰਗ ਵਿੱਚ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ।ਮੀਟਿੰਗ ਦੀ ਜਾਣਕਾਰੀ ਦਿੰਦੇ ਹੋਏ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਪੰਜਾਬ ਨੇ ਕਿਹਾ ਕਿ ਜਿਵੇਂ ਹੀ ਦੇਸ਼ ਵਿੱਚ ਲੋਕ ਸਭਾ ਚੋਣਾਂ ਦਾ ਐਲਾਨ ਹੋਇਆ ਹੈ, ਸਾਰੀਆਂ ਪਾਰਟੀਆਂ ਨੇ ਇੱਕ ਵਾਰ ਫਿਰ ਤੋਂ ਲੋਕਾਂ ਨਾਲ ਝੂਠੇ ਵਾਅਦੇ ਕਰਨੇ ਸ਼ੁਰੂ ਕਰ ਦਿੱਤੇ ਹਨ। ਪਹਿਲਾਂ ਵੀ ਕਾਂਗਰਸ ਪਾਰਟੀ ਨੇ ਕਿਸਾਨਾਂ ਨਾਲ ਸੁਆਮੀਨਾਥਨ ਦੀ ਰਿਪੋਰਟ ਸੀਟੂ+50% ਦੇ ਹਿਸਾਬ ਨਾਲ ਫਸਲਾਂ ਦੀ ਖਰੀਦ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਤੱਕ ਇਹ ਵਾਅਦਾ ਹੀ ਰਿਹਾ ਜ਼ਮੀਨੀ ਪੱਧਰ 'ਤੇ ਕੋਈ ਵੀ ਕਾਨੂੰਨ ਇਸ ਸਬੰਧੀ ਨਾ ਬਣ ਸਕਿਆ। ਇਸੇ ਤਰ੍ਹਾਂ ਬੀਜੇਪੀ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਜੋ ਸਿਰਫ਼ ਇੱਕ ਚੋਣ ਸਟੰਟ ਸੀ। ਬੀਜੇਪੀ ਤਾਂ ਸਭ ਤੋਂ ਵੱਧ ਕਿਸਾਨ ਵਿਰੋਧੀ ਪਾਰਟੀ ਸਾਬਤ ਹੋਈ ਹੈ, ਜਿਸ ਨੇ ਹਰ ਤਰੀਕਾ ਅਪਣਾਇਆ ਕਿ ਕਿਸ ਤਰ੍ਹਾਂ ਕਿਸਾਨਾਂ ਦੇ ਹੱਕ ਖੋਹ ਕੇ ਚੰਦ ਕੁ ਕਾਰਪੋਰੇਟ ਘਰਾਣਿਆਂ ਨੂੰ ਦਿੱਤੇ ਜਾਣ। ਇਸ ਲਈ ਹੁਣ ਚੋਣ ਕਮਿਸ਼ਨ ਨੂੰ ਕੋਈ ਸਖਤ ਫੈਸਲਾ ਲੈਣਾ ਚਾਹੀਦਾ ਹੈ ਕਿ ਜਿਹੜੀ ਵੀ ਪਾਰਟੀ ਲੋਕਾਂ ਨਾਲ ਵੋਟਾਂ ਲੈਣ ਲਈ ਵਾਅਦੇ ਕਰੇਗੀ, ਉਹ ਸੱਤਾ ਵਿੱਚ ਆਉਣ 'ਤੇ ਹਰ ਹਾਲਤ ਜ਼ਮੀਨੀ ਪੱਧਰ 'ਤੇ ਆਪਣੇ ਕੀਤੇ ਵਾਅਦੇ ਪੂਰੇ ਕਰੇਗੀ। ਚੋਣ ਕਮਿਸ਼ਨ ਕਾਨੂੰਨ ਬਣਾਵੇ ਕਿ ਪਾਰਟੀ ਨੇ ਜੋ ਚੋਣ ਮੇਨਫੈਸਟੋ ਵਿੱਚ ਕਿਹਾ ਹੈ, ਉਹ ਸੱਤਾ ਵਿੱਚ ਆਉਣ ਤੇ ਹਰ ਹਾਲ ਲਾਗੂ ਕਰਾਉਣ ਲਈ ਉਹ ਪਾਬੰਦ ਹੋਵੇ, ਜਿਸ ਨਾਲ ਪਾਰਟੀਆਂ ਸਿਰਫ਼ ਲੋਕਾਂ ਨਾਲ ਉਹ ਹੀ ਵਾਅਦੇ ਕਰਨਗੀਆਂ, ਜੋ ਪੂਰੇ ਕੀਤੇ ਜਾ ਸਕਦੇ ਹੋਣ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਹਰਮਿੰਦਰ ਸਿੰਘ ਖਹਿਰਾ, ਪਰਸ਼ੋਤਮ ਸਿੰਘ, ਬਲਦੇਵ ਸਿੰਘ ਸ਼ਾਹਕੋਟ, ਮਨਪ੍ਰੀਤ ਸਿੰਘ ਅਮਲਾਲਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਬੀਜੇਪੀ ਦਾ ਪੂਰੇ ਪੰਜਾਬ ਅੰਦਰ ਵਿਰੋਧ ਕੀਤਾ ਜਾਵੇਗਾ।

ਕਾਤਰਾਂ

ਵਿਸ਼ਵ ਹੋਮਿਓਪੈਥੀ ਦਿਵਸ ਮਨਾਇਆ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਸਿਵਲ ਸਰਜਨ ਡਾ. ਚੰਦਰ ਸ਼ੇਖਰ ਦੀਆਂ ਹਦਾਇਤਾਂ 'ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵਿਕਾਸ ਗਾਂਧੀ ਤੇ ਜ਼ਿਲ੍ਹਾ ਹੋਮਿਓਪੈਥਿਕ ਅਫ਼ਸਰ ਡਾ. ਰਹਿਮਾਨ ਦੀ ਦੇਖ-ਰੇਖ ਹੇਠ 'ਹੋਮੀਓਪੈਥੀ : ਇਕ ਹੈਲਥ, ਇੱਕ ਪਰਵਾਰ' ਵਿਸ਼ੇ ਤਹਿਤ ਵਿਸ਼ਵ ਹੋਮਿਓਪੈਥੀ ਦਿਵਸ ਮਨਾਇਆ ਗਿਆ।ਇਸ ਮੌਕੇ ਹੋਮਿਓਪੈਥਿਕ ਮੈਡੀਕਲ ਅਫ਼ਸਰ ਡਾ. ਅਮਨਾ ਕੰਬੋਜ ਨੇ ਦੱਸਿਆ ਕਿ ਜਰਮਨ ਚਿਕਿਤਸਕ ਅਤੇ ਰਸਾਇਣ ਵਿਗਿਆਨੀ ਡਾ ਸੈਮੂਅਲ ਹੈਨੇਮੈਨ ਨੂੰ ਸਨਮਾਨਤ ਕਰਨ ਤੇ ਹੋਮਿਓਪੈਥਿਕ ਦਵਾਈਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਨ੍ਹਾਂ ਦਾ ਜਨਮ ਦਿਨ 10 ਅਪ੍ਰੈਲ ਨੂੰ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੋਮਿਓਪੈਥਿਕ ਦਵਾਈਆਂ ਬਹੁਤ ਪ੍ਰਭਾਵਸ਼ਾਲੀ ਹੁੰਦੀਆਂ ਹਨ ਤੇ ਇਨ੍ਹਾਂ ਦੇ ਮਾੜੇ ਪ੍ਰਭਾਵ ਵੀ ਬਹੁਤ ਘੱਟ ਹੁੰਦੇ ਹਨ।ਇਹ ਸਰੀਰ ਦੀਆਂ ਸਵੈ-ਇਲਾਜ ਸ਼ਕਤੀਆਂ 'ਤੇ ਨਿਰਭਰ ਕਰਦਾ ਹੈ।ਉਨ੍ਹਾਂ ਦੱਸਿਆ ਕਿ ਸੀਐਚਸੀ ਖੂਈਖੇੜਾ ਵਿਖੇ ਹਫ਼ਤੇ ਦੇ ਹਰ ਬੁੱਧਵਾਰ ਹੋਮਿਓਪੈਥਿਕ ਓ.ਪੀ.ਡੀ. ਕੀਤੀ ਜਾਂਦੀ ਹੈ।ਇਸ ਸਮੇਂ ਹੋਮਿਓਪੈਥਿਕ ਮੈਡੀਕਲ ਅਫ਼ਸਰ ਡਾ. ਅਮਨਾ ਕੰਬੋਜ, ਬਲਾਕ ਮਾਸ ਮੀਡੀਆ ਇੰਚਾਰਜ ਸੁਸ਼ੀਲ ਕੁਮਾਰ, ਹੋਮਿਓਪੈਥਿਕ ਫਾਰਮਾਸਿਸਟ ਸਤਿਆਨਾਰਾਇਣ ਤੇ ਦਵਿੰਦਰ ਸਿੰਘ ਆਦਿ ਹਾਜ਼ਰ ਸਨ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕੀਤੀ ਨੈਸ਼ਨਲ ਲੋਕ ਅਦਾਲਤ ਸੰਬੰਧੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵੀਰਇੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਗੁਰਮੀਤ ਟਿਵਾਣਾ, ਸਿਵਲ ਜੱਜ (ਸੀਨੀਅਰ ਡਵੀਜ਼ਨ), ਫਿਰੋਜ਼ਪੁਰ ਵੱਲੋਂ ਬਤੌਰ ਇੰਚਾਰਜ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਅੱਜ ਸਹਾਇਕ ਲੇਬਰ ਕਮਿਸ਼ਨਰ, ਮਿਊਂਸੀਪਲ ਕਾਰਪੋਰੇਸ਼ਨ, ਲੀਡ ਬੈਂਕ ਮੈਨੇਜਰ, ਬੈਂਕ ਮੈਨੇਜਰਾਂ, ਬਿਜਲੀ ਬੋਰਡ, ਇੰਸ਼ੋਰੈਂਸ ਕੰਪਨੀਆਂ, ਬੀ ਐੱਸ ਐੱਨ ਐੱਲ, ਪੰਚਾਇਤ ਵਿਭਾਗ ਆਦਿ ਅਦਾਰਿਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਜੱਜ ਨੇ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੂੰ ਪ੍ਰੀ ਲੋਕ ਅਦਾਲਤਾਂ ਦੇ ਸ਼ਡਿਊਲ ਬਾਰੇ ਜਾਣਕਾਰੀ ਦਿੰਦੇ ਕਿਹਾ ਕਿ ਉਹ ਜਲਦ ਪ੍ਰੀ ਲਿਟੀਗੇਟਿਵ ਕੇਸ ਦਾਖਲ ਕਰਨ ਤਾਂ ਜੋ ਉਨ੍ਹਾਂ ਕੇਸਾਂ ਨੂੰ ਲੋਕ ਅਦਾਲਤ ਵਿੱਚ ਰੱਖਣ ਤੋਂ ਪਹਿਲਾਂ ਇਨ੍ਹਾਂ ਪ੍ਰੀ ਲੋਕ ਅਦਾਲਤਾਂ ਵਿੱਚ ਵੀ ਸੁਣਿਆ ਜਾ ਸਕੇ। ਇਸ ਮੀਟਿੰਗ ਵਿੱਚ ਜੱਜ ਨੇ ਨੈਸ਼ਨਲ ਲੋਕ ਅਦਾਲਤ ਦੀ ਵੱਧ ਤੋਂ ਵੱਧ ਸਫਲਤਾ ਲਈ ਪ੍ਰੀ ਲਿਟੀਗੇਟਿਵ ਕੇਸ ਲਗਾਉਣ ਅਤੇ ਅਦਾਲਤਾਂ ਵਿੱਚ ਲੰਭਿਤ ਕੇਸਾਂ ਨੂੰ ਰਾਜ਼ੀਨਾਮੇ ਲਈ ਲੋਕ ਅਦਾਲਤ ਵਿੱਚ ਰਖਵਾਉਣ ਬਾਰੇ ਕਿਹਾ ਗਿਆ।

ਵਿਸਾਖੀ 'ਤੇ ਮਾਈਸਰਖਾਨਾ ਮੇਲਿਆਂ ਲਈ ਚੱਲਣਗੀਆਂ ਵਿਸ਼ੇਸ਼ ਬੱਸਾਂ : ਜਸਪ੍ਰੀਤ ਸਿੰਘ

ਤਲਵੰਡੀ ਸਾਬੋ, ਬਠਿੰਡਾ (ਜਗਦੀਪ ਗਿੱਲ)-ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਤਖ਼ਤ ਸ਼੍ਰੀ ਦਮਦਮਾ ਸਾਹਿਬ ਵਿਖੇ ਵਿਸਾਖੀ ਤੇ ਮਾਈਸਰਖਾਨਾ ਵਿਖੇ ਨਵਰਾਤਰੇ ਮੇਲੇ ਮਨਾਏ ਜਾ ਰਹੇ ਹਨ।ਉਨ੍ਹਾ ਦੱਸਿਆ ਕਿ ਇਸ ਵਾਰ ਵੀ ਵਿਸਾਖੀ ਮੇਲਾ 12 ਅਪ੍ਰੈਲ ਤੋਂ 15 ਅਪ੍ਰੈਲ 2024 ਅਤੇ ਮਾਈਸਰਖਾਨਾ ਮੇਲਾ 14 ਅਪ੍ਰੈਲ ਤੋਂ 15 ਅਪ੍ਰੈਲ 2024 ਤੱਕ ਮਨਾਇਆ ਜਾ ਰਿਹਾ ਹੈ।ਇਨ੍ਹਾਂ ਮੇਲਿਆਂ ਵਿੱਚ ਸ਼ਰਧਾਲੂਆਂ ਦੀ ਸਹੂਲਤ ਨੂੰ ਮੱਦੇਨਜ਼ਰ ਰੱਖਦਿਆਂ ਪੀਆਰਟੀਸੀ ਬਠਿੰਡਾ ਡਿੱਪੂ ਵੱਲੋਂ ਸਪੈਸ਼ਲ ਬੱਸ ਸਰਵਿਸ ਚਲਾਈ ਗਈ ਹੈ।ਵਿਸਾਖੀ ਤੇ ਮਾਈਸਰਖਾਨਾ ਮੇਲੇ ਲਈ ਲਗਾਈ ਗਈ ਬੱਸ ਸਰਵਿਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜਨਰਲ ਮੈਨੇਜਰ ਪੀ ਆਰ ਟੀ ਸੀ ਸ਼੍ਰੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਬਠਿੰਡਾ ਤੋਂ ਤਲਵੰਡੀ ਸਾਬੋ ਤੇ ਮਾਈਸਰਖਾਨਾ ਆਉਣ-ਜਾਣ ਲਈ ਸ਼ਰਧਾਲੂਆਂ ਦੀ ਸਹੂਲਤ ਵਾਸਤੇ 20-20 ਸਪੈਸ਼ਲ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ।ਇਸੇ ਤਰ੍ਹਾਂ ਰਾਮਪੁਰਾ ਤੇ ਮੌੜ ਤੋਂ 5-5 ਬੱਸਾਂ ਤੇ ਰਾਮਾਂ, ਕਾਲਾਂਵਾਲੀ, ਭੁੱਚੋ ਮੰਡੀ ਤੇ ਸਰਦੂਲਗੜ੍ਹ ਤੋਂ 3-3 ਬੱਸਾਂ ਸ਼ਰਧਾਲੂਆਂ ਲਈ ਮੁਹੱਈਆ ਕਰਵਾਈਆਂ ਗਈਆਂ ਹਨ।

ਸੇਵਾ-ਮੁਕਤ ਕਰਮਚਾਰੀ ਜਥੇਬੰਦੀ ਦੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸੇਵਾ ਮੁਕਤ ਕਰਮਚਾਰੀ ਜਥੇਬੰਦੀ ਦੀ ਮੀਟਿੰਗ ਬੂਟਾ ਰਾਮ ਦੀ ਪ੍ਰਧਾਨਗੀ ਵਿਚ ਤਲਵੰਡੀ ਭਾਈ ਵਿਖੇ ਹੋਈ। ਜਿਸ ਵਿਚ ਸੇਵਾ ਮੁਕਤ ਕਰਮਚਾਰੀ ਸ਼ਾਮਲ ਹੋਏ। ਜਥੇਬੰਦੀ ਦੇ ਮੀਟਿੰਗ ਵਿਚ ਚਰਚਾ ਕੀਤੀ ਸਰਕਾਰ ਦੀ ਪੈਨਸ਼ਨਾਂ ਪ੍ਰਤੀ ਰਵੱਈਆ ਨਿਰਾਸ਼ਾਜਨਕ ਹੈ। ਵਾਰ ਵਾਰ ਮੰਗਾਂ ਦਾ ਢੰਡੋਰਾ ਪਿੱਟ ਕੇ ਹੰਭ ਹਾਰ ਕੇ ਪੈਨਸ਼ਨਰ ਚੁੱਪ ਕਰਕੇ ਬੈਠ ਗਏ ਹਨ, ਪਰ ਸਰਕਾਰ ਦੇ ਕੰਨ 'ਤੇ ਕੋਈ ਜੂੰ ਨਹੀਂ ਸਰਕੀ। ਸਰਕਾਰ ਦੇ ਇਸ ਨਾਂਹ ਪੱਖੀ ਵਤੀਰੇ ਤੋਂ ਪੈਨਸ਼ਨਰ ਵਰਗ ਘੋਰ ਨਿਰਾਸ਼ਾ ਵਿਚ ਹਨ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਨਾਇਬ ਸਿੰਘ

12-April-PAGE-11-Majha-24.qxd 4/11/2024 10:49 PM Page 1

ਪਿਸਤੌਲ ਦੀ ਨੋਕ 'ਤੇ ਲੁਟੇਰੇ 60 ਹਜ਼ਾਰ ਨਗਦੀ ਤੇ ਮੋਬਾਇਲ ਖੋਹ ਕੇ ਫਰਾਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਕਸਬਾ ਧਿਆਨਪੁਰ ਦੇ ਨਜ਼ਦੀਕੀ ਪਿੰਡ ਚੰਦੂ ਸੂਜਾ ਨਹਿਰ 'ਤੇ ਆਏ ਦਿਨ ਲੁੱਟ-ਖੋਹ ਦੀਆਂ ਵਾਰਦਾਤਾਂ ਵਾਪਰ ਰਹੀਆਂ ਹਨ ਪਰੰਤੂ ਪ੍ਰਸ਼ਾਸਨ ਵੱਲੋਂ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਜਿਸ ਦੀ ਮਿਸਾਲ ਅੱਜ ਪਿੰਡ ਖਜ਼ਾਨੇ ਕੋਟ ਦੇ ਅੰਗਰੇਜ਼ ਸਿੰਘ ਸਾਬਕਾ ਫੌਜੀ ਪੁੱਤਰ ਚੰਨਣ ਸਿੰਘ ਜੋ ਕਿ ਆਪਣੇ ਪਿੰਡ ਨੂੰ ਨਹਿਰ ਚੰਦੂ ਸੂਜਾ ਪੁਲ ਤੋਂ ਜਾ ਰਿਹਾ ਸੀ। ਜਿਸ ਨੂੰ ਰਸਤੇ ਵਿੱਚ ਤਿੰਨ ਨੌਜਵਾਨਾਂ ਨੇ ਰੁਕਣ ਦਾ ਇਸ਼ਾਰਾ ਕੀਤਾ। ਜਦੋਂ ਉਹ ਰੁਕਿਆ ਤਾਂ ਉਨ੍ਹਾਂ ਨੇ ਪਿਸਤੌਲ ਦੀ ਨੋਕ 'ਤੇ ਉਸ ਦਾ ਮੋਬਾਈਲ ਅਤੇ 60 ਹਜ਼ਾਰ ਰੁਪਏ ਨਕਦੀ ਖੋਹ ਲਈ ਅਤੇ ਫਰਾਰ ਹੋ ਗਏ। ਜਿਸ ਦੀ ਰਿਪੋਰਟ ਕਾਲਾ ਅਫਗਾਨਾ ਚੌਕੀ ਵਿੱਚ ਦਰਜ ਕਰਵਾ ਦਿੱਤੀ ਗਈ ਹੈ।ਇਸ ਨਹਿਰ ਦੇ ਨਾਲ ਸੜਕ ਸੁੰਨਸਾਨ ਹੋਣ ਕਰਕੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਸ਼ਰਾਰਤੀ ਅਨਸਰਾਂ ਦੇ ਵਾਰੇ ਨਿਆਰੇ ਹੋਏ ਪਏ ਹਨ ਕਿਉਂਕਿ ਇਸ ਨਹਿਰ ਦੇ ਪੁਲ 'ਤੇ ਕੋਈ ਵੀ ਪੁਲਸ ਦਾ ਨਾਕਾ ਨਹੀਂ ਹੁੰਦਾ ਜਿਸ ਕਰਕੇ ਲੁਟੇਰੇ ਬੜੀ ਆਸਾਨੀ ਨਾਲ ਘਟਨਾ ਨੂੰ ਅੰਜਾਮ ਦੇ ਕੇ ਚਲੇ ਜਾਂਦੇ ਹਨ। ਇਸੇ ਨਹਿਰ ਦੇ ਪੁਲ 'ਤੇ ਬੀਤੇ ਦਿਨੀਂ ਹਰਜੀਤ ਸਿੰਘ ਵਾਸੀ ਗਿੱਲਾਂ ਵਾਲੀ ਤੋਂ ਨਗਦੀ ਖੋਹ ਲਈ ਸੀ ਅਤੇ ਕਸਬਾ ਧਿਆਨਪੁਰ ਦੇ ਇੱਕ ਫੇਰੀ ਲਾਉਣ ਵਾਲੇ ਤੋਂ ਵੀ ਨਗਦੀ ਖੋਹ ਲਈ ਸੀ।

ਇਲਾਕੇ ਦੇ ਲੋਕਾਂ ਵੱਲੋਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਪੁਲ ਉੱਤੇ ਪੁਲਸ ਦਾ ਨਾਕਾ ਜ਼ਰੂਰ ਲਗਾਇਆ ਜਾਵੇ ਅਤੇ ਨਹਿਰ ਦੇ ਪੁਲ ਲਾਗੇ ਗਸ਼ਤ ਵਧਾਈ ਜਾਵੇ ਤਾਂ ਕਿ ਆਏ ਦਿਨ ਹੋਰ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਠੱਲ੍ਹ ਪੈ ਸਕੇ।

ਇਸ ਸਬੰਧੀ ਜਦੋਂ ਫਤਿਹਗੜ੍ਹ ਚੂੜੀਆਂ ਦੇ ਐਸ ਐਚ ਓ ਕਿਰਨਦੀਪ ਸਿੰਘ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਮੇਰੇ ਧਿਆਨ ਵਿੱਚ ਮੀਡੀਆ ਕਰਮੀਆਂ ਵੱਲੋਂ ਲਿਆਂਦਾ ਗਿਆ ਹੈ ਤੇ ਜਲਦੀ ਹੀ ਇਸ ਇਲਾਕੇ ਵਿੱਚ ਪੁਲਸ ਦੇ ਗਸ਼ਤ ਵਧਾਈ ਜਾਵੇਗੀ ਤੇ ਜੋ ਵੀ ਸ਼ਰਾਰਤੀ ਅਨਸਰ ਹਨ ਉਨ੍ਹਾਂ 'ਤੇ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ।

ਨਜਾਇਜ਼ ਸ਼ਰਾਬ ਸਮੇਤ ਨੌਜਵਾਨ ਕਾਬੂ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਦੀਨਾਨਗਰ ਦੀ ਪੁਲਸ ਨੇ ਨਜਾਇਜ਼ ਸ਼ਰਾਬ ਸਮੇਤ ਇਕ ਨੌਜਵਾਨ ਨੂੰ ਕਾਬੂ ਕਰਨ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਦੀਨਾਨਗਰ ਥਾਣੇ ਦੇ ਐਸ ਐਚ ਓ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਥਾਣਾ ਦੀਨਾਨਗਰ ਦੀ ਪੁਲਸ ਵਲੋਂ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣ ਲਈ ਵੱਖ-ਵੱਖ ਟੀਮਾਂ ਬਣਾਈਆਂ ਹੋਈਆਂ ਹਨ। ਏ ਐਸ ਆਈ ਗੁਰਨਾਮ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਕਰ ਰਹੇ ਸਨ ਕਿ ਟੀ ਪੁਆਇੰਟ ਘਰੋਟਾ ਮੋੜ 'ਤੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਅਮਰੀਕ ਚੰਦ ਪੁੱਤਰ ਤਾਰਾ ਚੰਦ ਵਾਸੀ ਡੀਡਾ ਸਾਸੀਆ ਸਕੂਟੀ 'ਤੇ ਆ ਰਿਹਾ ਸੀ। ਉਸ ਨੇ ਸਕੂਟਰੀ ਅੱਗੇ ਪਲਾਸਟਿਕ ਦਾ ਕੈਨ ਰੱਖਿਆ ਹੋਇਆ ਸੀ। ਕੈਨ ਨੂੰ ਚੈੱਕ ਕੀਤਾ ਗਿਆ ਤਾਂ ਕੈਨ ਵਿੱਚੋਂ 18750 ਐਮ ਐਲ ਨਜਾਇਜ਼ ਸ਼ਰਾਬ ਬਰਾਮਦ ਹੋਈ ਹੈ। ਪੁਲਸ ਨੇ ਦੋਸ਼ੀ ਨੂੰ ਮੌਕੇ ਤੇ ਕਾਬੂ ਕੀਤਾ ਗਿਆ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਐੱਚ ਡੀ ਐੱਫ ਸੀ ਬੈਂਕ ਨੇ ਲਕਸ਼ਦੀਪ ਦੇ ਕਾਵਰਤੀ ਟਾਪੂ ਵਿਖੇ ਖੋਲ੍ਹੀ ਸ਼ਾਖਾ

ਅੰਮ੍ਰਿਤਸਰ : ਐਚ ਡੀ ਐਫ ਸੀ ਬੈਂਕ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਲਕਸ਼ਦੀਪ ਦੇ ਕਾਵਰੱਤੀ ਟਾਪੂ ਵਿਖੇ ਇੱਕ ਸ਼ਾਖਾ ਖੋਲ੍ਹੀ ਹੈ। ਇਹ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਬ੍ਰਾਂਚ ਰੱਖਣ ਵਾਲਾ ਇਹ ਇਕਲੌਤਾ ਨਿੱਜੀ ਖੇਤਰ ਦਾ ਬੈਂਕ ਬਣਾਉਂਦਾ ਹੈ। ਇਸ ਦਾ ਉਦਘਾਟਨ ਭਾਰਤੀ ਜਲ ਸੈਨਾ ਦੇ ਕਮਾਂਡਿੰਗ ਅਫਸਰ ਕੈਪਟਨ ਲਵਕੇਸ਼ ਠਾਕੁਰ ਅਤੇ ਪ੍ਰਸਿੱਧ ਨਿਵਾਸੀ ਡਾ ਕੇ ਪੀ ਮੁਥੂਕੋਆ ਨੇ ਕੀਤਾ। ਇਸ ਮੌਕੇ ਐਸ ਸੰਪਤ ਕੁਮਾਰ, ਗਰੁੱਪ ਹੈੱਡ ਰਿਟੇਲ ਬ੍ਰਾਂਚ ਬੈਂਕਿੰਗ ਐਚ ਡੀ ਐਫ ਸੀ ਬੈਂਕ ਅਤੇ ਸੰਜੀਵ ਕੁਮਾਰ ਬ੍ਰਾਂਚ ਬੈਂਕਿੰਗ ਹੈੱਡ, ਤਾਮਿਲਨਾਡੂ, ਕੇਰਲ ਅਤੇ ਪੁਡੂਚੇਰੀ ਅਤੇ ਹੋਰ ਸਥਾਨਕ ਪਤਵੰਤੇ ਇਸ ਮੌਕੇ 'ਤੇ ਮੌਜੂਦ ਸਨ। ਇਸ ਸ਼ਾਖਾ ਦਾ ਉਦੇਸ਼ ਨਿੱਜੀ ਬੈਂਕਿੰਗ, ਡਿਜੀਟਲ ਬੈਂਕਿੰਗ 'ਤੇ ਕੇਂਦ੍ਰਿਤ ਸੇਵਾਵਾਂ ਦੀ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਕੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਬੈਂਕਿੰਗ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨਾ ਹੈ ਜਿਸ ਵਿੱਚ ਰਿਟੇਲਰਾਂ ਨੂੰ ਕਿਊ ਆਰ ਅਧਾਰਤ ਲੈਣ-ਦੇਣ ਸਮੇਤ ਕਸਟਮਾਈਜ਼ਡ ਡਿਜੀਟਲ ਹੱਲ ਵੀ ਸ਼ਾਮਲ ਹਨ। ਨਵੀਂ ਬ੍ਰਾਂਚ ਲਾਂਚ 'ਤੇ ਟਿੱਪਣੀ ਕਰਦੇ ਹੋਏ ਐਸ ਸੰਪਤ ਕੁਮਾਰ ਨੇ ਕਿਹਾ- ਐਚ ਡੀ ਐਫ ਸੀ ਬੈਂਕ ਦੀਆਂ ਸ਼ਾਖਾਵਾਂ ਕਸ਼ਮੀਰ ਦੇ ਠੰਢੇ ਮੌਸਮ, ਕੰਨਿਆ ਕੁਮਾਰੀ ਦੇ ਦੱਖਣੀ ਸਿਰੇ ਅਤੇ ਹੁਣ ਲਕਸ਼ਦੀਪ ਦੇ ਟਾਪੂ ਵਿੱਚ ਹਨ।

ਮਾਝੇ 'ਚੋਂ ਕਾਂਗਰਸ ਵੱਡੇ ਫਰਕ ਨਾਲ ਸੀਟਾਂ ਜਿੱਤੇਗੀ : ਰੰਧਾਵਾ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਸਾਬਕਾ ਉੱਪ ਮੁੱਖ ਮੰਤਰੀ ਵਿਧਾਇਕ ਤੇ ਰਾਜਸਥਾਨ ਸੂਬੇ ਵਿੱਚ ਕਾਂਗਰਸ ਪਾਰਟੀ ਦੇ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਮਜੀਠਾ ਹਲਕੇ ਦੇ ਕਾਂਗਰਸ ਦੇ ਹਲਕਾ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਦੇ ਪੈਟਰੋਲ ਪੰਪ 'ਤੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਗਾਮੀ ਲੋਕ ਸਭਾ ਚੋਣਾਂ ਵਿੱਚ ਮਾਝੇ ਦੀਆਂ ਤਿੰਨੇ ਸੀਟਾਂ ਅੰਮ੍ਰਿਤਸਰ, ਗੁਰਦਾਸਪੁਰ ਤੇ ਖਡੂਰ ਸਾਹਿਬ ਕਾਂਗਰਸ ਪਾਰਟੀ ਵੱਡੇ ਫਰਕ ਨਾਲ ਜਿੱਤੇਗੀ। ਰੰਧਾਵਾ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਨੂੰ ਗੁੰਮਰਾਹ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਮਾਲਵੇ ਵਿੱਚੋਂ ਆ ਰਹੀ ਹਨੇਰੀ ਨੂੰ ਮਾਝੇ ਦੇ ਸੂਝਵਾਨ ਵੋਟਰਾਂ ਨੇ ਠੱਲ੍ਹ ਪਾਈ ਸੀ ਤੇ ਇੱਥੋਂ ਕਾਂਗਰਸ ਪਾਰਟੀ ਨੇ ਸੀਟਾਂ ਜਿੱਤੀਆਂ ਸਨ। ਐਤਕੀਂ ਵੀ ਸਾਰੇ ਪੰਜਾਬ ਤੇ ਖਾਸ ਕਰਕੇ ਮਾਝੇ ਵਾਲੇ ਇਨ੍ਹਾਂ ਦੋਵੇਂ ਸੱਤਾਧਾਰੀ ਪਾਰਟੀਆਂ ਭਾਜਪਾ ਤੇ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣਗੇ। ਅਕਾਲੀ ਦਲ ਦੀ ਗੱਲ ਕਰਦਿਆਂ ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬੜੀ ਬੁਰੀ ਤਰਾਂ ਇਨ੍ਹਾਂ ਨੂੰ ਨਕਾਰ ਦਿੱਤਾ ਹੈ, ਸ਼ਾਇਦ ਇਹ ਇਨ੍ਹਾਂ ਚੋਣਾਂ ਵਿੱਚ ਆਪਣਾ ਖਾਤਾ ਵੀ ਨਾ ਖੋਲ੍ਹ ਸਕਣ। ਪੱਤਰਕਾਰਾਂ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਭਾਜਪਾ ਤੇ ਆਮ ਆਦਮੀ ਪਾਰਟੀ ਨੇ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ ਪਰ ਕਾਂਗਰਸ ਨੇ ਅਜੇ ਕੋਈ ਲਿਸਟ ਜਾਰੀ ਨਹੀਂ ਕੀਤੀ, ਇਸ 'ਤੇ ਤਨਜ਼ ਕੱਸਦਿਆਂ ਰੰਧਾਵਾ ਨੇ ਕਿਹਾ ਕਿ ਇਨ੍ਹਾਂ ਨੇ ਜਿਹੜੇ ਆਪਣੇ ਉਮੀਦਵਾਰ ਐਲਾਨੇ ਹਨ ਕਾਂਗਰਸ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰ ਕੇ ਗਏ ਹਨ, ਚਾਹੇ ਉਹ ਪ੍ਰਨੀਤ ਕੌਰ, ਰਵਨੀਤ ਬਿੱਟੂ ਜਾਂ ਸੁਸ਼ੀਲ ਰਿੰਕੂ ਹੋਵੇ ਤੇ ਟਕਸਾਲੀ ਅਕਾਲੀ ਪਰਵਾਰ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਨੇ ਵੀ ਕਮਲ ਨੂੰ ਸੁੰਘ ਲਿਆ ਪਰ ਪੰਜਾਬ ਦੇ ਅਣਖੀ ਲੋਕ ਇਸ ਬਾਰੇ ਬੜੀ ਡੂੰਘਾਈ ਨਾਲ ਸੋਚ ਵਿਚਾਰ ਕਰ ਰਹੇ ਹਨ। ਅਖੀਰ 'ਚ ਰੰਧਾਵਾ ਨੇ ਕਿਹਾ ਕਿ ਜਲਦ ਹੀ ਸਕਰੀਨਿੰਗ ਕਮੇਟੀ ਦੀ ਮੀਟਿੰਗ ਉਪਰੰਤ ਟਿਕਟਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਦੇ ਨਾਲ ਭਗਵੰਤ ਪਾਲ ਸਿੰਘ ਸੱਚਰ ਤੇ ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥੂਨੰਗਲ ਵੀ ਹਾਜ਼ਰ ਸਨ

ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਦਾ ਕਸਤਰਾਣੀ ਮਹਿਲਾ ਸੰਗਠਨ ਸੋਸਾਇਟੀ ਨੇ ਕੀਤਾ ਦੌਰਾ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਵੀਰਵਾਰ ਨੂੰ ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਕਸਤਰਾਣੀ ਮਹਿਲਾ ਸੰਗਠਨ ਸੋਸਾਇਟੀ ਪਠਾਨਕੋਟ ਨੇ ਦੌਰਾ ਕੀਤਾ। ਉਨ੍ਹਾਂ ਬਿਰਧ ਘਰ ਵਿੱਚ ਰਹਿ ਰਹੇ ਬਜ਼ੁਰਗਾਂ ਦੇ ਨਾਲ ਦੁੱਖ ਸਾਂਝੇ ਕੀਤੇ ਉਨ੍ਹਾਂ ਦਾ ਹਾਲ ਚਾਲ ਪੁੱਛਿਆ। ਸੁਸਾਇਟੀ ਦੀ ਚੇਅਰਪਰਸਨ ਰੇਨੂ ਮਹਿੰਦਰੂ ਅਤੇ ਪ੍ਰੈਜ਼ੀਡੈਂਟ ਅਨੂਪਮ ਪੁਰੀ ਅਤੇ ਹੋਰ ਵੀ ਵੱਖ-ਵੱਖ ਸੁਸਾਇਟੀ ਮੈਂਬਰਾਂ ਨੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ। ਫਿਰ ਬਜ਼ੁਰਗ ਬਾਪੂ ਗੁਰਦਿਆਲ ਸਿੰਘ ਨੇ ਆਪਣੇ ਗੀਤ ਰਾਹੀਂ ਬਜ਼ੁਰਗਾਂ ਨੂੰ ਅਤੇ ਆਏ ਹੋਏ ਸੁਸਾਇਟੀ ਦੇ ਸਾਰੇ ਟੀਮ ਨੂੰ ਭਾਵੁਕ ਕਰ ਦਿੱਤਾ।ਫਿਰ ਆਸ਼ਰਮ ਸੁਪਰਡੈਂਟ ਮਿਸ ਅੰਜਲੀ ਸ਼ਰਮਾ ਨੇ ਮਹਿਮਾਨਾਂ ਨੂੰ ਇਨ੍ਹਾਂ ਬਜ਼ੁਰਗਾਂ ਨਾਲ ਵਾਪਰੀਆਂ ਘਟਨਾਵਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਕਿਹਾ ਕਿ ਬਜ਼ੁਰਗਾਂ ਨੂੰ ਉਨ੍ਹਾਂ ਦੇ ਬਣਾਏ ਹੋਏ ਘਰਾਂ 'ਚੋਂ ਨਾ ਕੱਢੋ। ਉਨ੍ਹਾਂ ਆਸ਼ਰਮ ਪ੍ਰਬੰਧਕਾਂ ਨੂੰ ਕਿਹਾ ਕਿ ਤੁਸੀਂ ਇਹ ਜੋ ਸੇਵਾ ਦਾ ਕੰਮ ਕਰ ਰਹੇ ਹੋ ਇਸ ਤੋਂ ਵੱਡੀ ਕੋਈ ਸੇਵਾ ਨਹੀਂ। ਉਨ੍ਹਾਂ ਬਜ਼ੁਰਗਾਂ ਨੂੰ ਖਾਣ ਦੇ ਲਈ ਕੁਝ ਸਮਾਨ, ਰਾਸ਼ਨ ਅਤੇ ਜ਼ਰੂਰਤਮੰਦ ਵਸਤੂਆਂ ਭੇਟ ਕੀਤੀਆਂ।

ਆਸ਼ਰਮ ਪ੍ਰਧਾਨ ਸਤਨਾਮ ਸਿੰਘ ਅਤੇ ਆਸ਼ਰਮ ਸੁਪਰਡੈਂਟ ਮੈਡਮ ਮਿਸ ਅੰਜਲੀ ਸ਼ਰਮਾ ਨੇ ਟੀਮ ਨੂੰ ਆਦਰ ਸਨਮਾਨ ਦਿੱਤਾ ਤੇ ਤਹਿ ਦਿਲੋਂ ਧੰਨਵਾਦ ਕੀਤਾ।

ਇਸ ਮੌਕੇ ਸਮੂਹ ਆਸ਼ਰਮ ਸਟਾਫ ਸਵਿਤਾ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਸਰੋਜ ਬਾਲਾ, ਅੰਜੂ ਬਾਲਾ, ਤਰਸੇਮ ਲਾਲ, ਰਮੇਸ਼ ਕੁਮਾਰ ਆਦਿ ਸਟਾਫ ਮੌਜੂਦ ਸੀ।

ਸੀਨੀਅਰ ਆਪ ਆਗੂ ਦਾ ਫ਼ਿਸ਼ ਪਾਰਕ ਤੋਂ ਮੋਟਰਸਾਈਕਲ ਚੋਰੀ

ਗੁਰਦਾਸਪੁਰ,(ਜਨਕ ਮਹਾਜਨ)- ਸ਼ਹਿਰ ਗੁਰਦਾਸਪੁਰ ਚੋਰੀਆਂ ਕਰਨ ਲਈ ਚੋਰਾਂ ਦਾ ਸਭ ਤੋਂ ਸੁਰੱਖਿਅਤ ਅੱਡਾ ਬਣ ਚੁੱਕਾ ਹੈ। ਆਏ ਦਿਨ ਸ਼ਹਿਰ ਅੰਦਰ ਚੋਰਾਂ ਵਲੋਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ ਅਤੇ ਪੁਲਸ ਪ੍ਰਸ਼ਾਸਨ ਮੂਕ ਦਰਸ਼ਕ ਬਣੀ ਬੈਠਾ ਹੈ। ਲਗਾਤਾਰ ਵਾਪਰ ਰਹੀਆਂ ਚੋਰੀ ਦੀਆਂ ਵਾਰਦਾਤਾਂ ਨਾਲ ਸ਼ਹਿਰ ਵਾਸੀਆਂ ਵਿਚ ਭਾਰੀ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ ਅਤੇ ਅੱਜ ਦਾ ਦਿਨ ਫ਼ਿਰ ਚੋਰਾਂ ਦੇ ਨਾਂ ਰਿਹਾ।

ਇਕ ਹੋਰ ਚੋਰੀ ਦੇ ਮਾਮਲੇ ਵਿਚ ਚੋਰਾਂ ਨੇ ਆਪ ਆਗੂ ਸੁਰਿੰਦਰ ਸਿੰਘ ਜੱਜ ਦਾ ਫ਼ਿਸ਼ ਪਾਰਕ ਗੁਰਦਾਸਪੁਰ ਤੋਂ ਮੋਟਰਸਾਈਕਲ ਨੰਬਰ ਪੀ.ਬੀ. 06 ਬੀ ਸੀ 8995 ਚੋਰੀ ਕਰ ਲਿਆ। ਚੋਰੀ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਰਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਨਵਾਂ ਪਿੰਡ ਬਹਾਦਰ ਨੇ ਦੱਸਿਆ ਕਿ ਉਹ ਫ਼ਿਸ਼ ਪਾਰਕ ਵਿਚ ਟੈਕਸੀ ਯੂਨੀਅਨ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਆਪਣਾ ਮੋਟਰਸਾਈਕਲ ਪਾਰਕ ਦੇ ਬਾਹਰ ਖੜ੍ਹਾ ਕਰ ਗਿਆ ਸੀ। ਜਦੋਂ ਥੋੜ੍ਹੀ ਦੇਰ ਬਾਅਦ ਵਾਪਸ ਆਇਆ ਤਾਂ ਮੋਟਰਸਾਈਕਲ ਉਥੋਂ ਗਾਇਬ ਸੀ। ਸੁਰਿੰਦਰ ਸਿੰਘ ਨੇ ਕਿਹਾ ਫ਼ਿਸ਼ ਪਾਰਕ ਵਿਖੇ ਪੁਲਸ ਦਾ ਪਹਿਰਾ ਹੋਣ ਦੇ ਬਾਵਜੂਦ ਮੋਟਰਸਾਈਕਲ ਚੋਰੀ ਹੋਣਾ ਪੁਲਸ ਪ੍ਰਸ਼ਾਸਨ 'ਤੇ ਕਈ ਤਰ੍ਹਾਂ ਦੇ ਸਵਾਲੀਆ ਚਿੰਨ੍ਹ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਇਸ ਚੋਰੀ ਦੀ ਸ਼ਿਕਾਇਤ ਉਨ੍ਹਾਂ ਥਾਣਾ ਸਿਟੀ ਗੁਰਦਾਸਪੁਰ ਪੁਲਸ ਨੂੰ ਦੇ ਦਿੱਤੀ ਹੈ। ਉਨ੍ਹਾਂ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਮੋਟਰਸਾਈਕਲ ਚੋਰੀ ਕਰਨ ਵਾਲੇ ਚੋਰਾਂ ਨੂੰ ਜਲਦ ਤੋਂ ਜਲਦ ਫੜ ਕੇ ਉਸ ਦਾ ਮੋਟਰਸਾਈਕਲ ਵਾਪਸ ਦਿਵਾਇਆ ਜਾਵੇ।

ਦੀਪ ਸਿੱਧੂ ਦੀ ਯਾਦ 'ਚ ਤੀਸਰਾ ਫੁੱਟਬਾਲ ਟੂਰਨਾਮੈਂਟ

ਝਬਾਲ (ਮੱਖਣ ਮਨੋਜ)- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਪੋਰਟਸ ਕਲੱਬ ਤੇ ਸਮੂਹ ਗ੍ਰਾਮ ਪੰਚਾਇਤ ਢੰਡ ਵਲੋਂ ਦੀਪ ਸਿੱਧੂ ਦੀ ਯਾਦ ਵਿੱਚ ਚਾਰ ਰੋਜ਼ਾ ਫੁਟਬਾਲ ਟੂਰਨਾਮੈਂਟ ਤੇ ਹੋਰ ਵੱਖ ਵੱਖ ਪੌਂਡੂ ਖੇਡਾਂ ਕਰਵਾਈਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ ਨੇ ਦੱਸਿਆ ਕਿ ਦੀਪ ਸਿੱਧੂ ਦੀ ਯਾਦ ਵਿੱਚ ਤੀਸਰਾ ਸਾਲਾਨਾ ਫੁਟਬਾਲ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਇਲਾਕੇ ਦੀਆਂ 32 ਫੁਟਬਾਲ ਟੀਮਾਂ ਨੇ ਹਿੱਸਾ ਲਿਆ। ਪਿੰਡ ਢੰਡ ਦੇ ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ ਅਤੇ ਉਨ੍ਹਾਂ ਦੇ ਪਰਵਾਰ ਵੱਲੋਂ ਫਾਈਨਲ ਮੈਚ ਜੇਤੂ ਰਹੀ ਪਿੰਡ ਨੂਰਦੀ ਦੀ ਫੁਟਬਾਲ ਟੀਮ ਨੂੰ 31 ਹਜ਼ਾਰ ਰੁਪਏ ਦਿੱਤੇ।

ਟੂਰਨਾਮੈਂਟ ਵਿੱਚ ਦੂਸਰੇ ਨੰਬਰ 'ਤੇ ਰਹੀ ਪਿੰਡ ਕਸੇਲ ਦੀ ਟੀਮ ਨੂੰ 25 ਹਜ਼ਾਰ ਰੁਪਏ ਤੇ ਤੀਸਰੇ ਨੰਬਰ 'ਤੇ ਰਹੀ ਫੁਟਬਾਲ ਟੀਮ ਨੂੰ 71 ਸੌ ਰੁਪਏ ਰੁਪਏ ਦਿੱਤੇ ਗਏ। ਇਸ ਮੌਕੇ ਸਰਪੰਚ ਸੁਰਜੀਤ ਸਿੰਘ ਸ਼ਾਹ ਢੰਡ ਨੇ ਕਿਹਾ ਕਿ ਪਿੰਡਾਂ ਵਿੱਚ ਖੇਡਾਂ ਕਰਵਾਉਣ ਦਾ ਮਕਸਦ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ ਤੇ ਨੌਜਵਾਨਾਂ ਲਈ ਖੇਡਾਂ ਪ੍ਰਤੀ

12-April-PAGE-12.qxd 4/11/2024 10:41 PM Page 1

ਕਵੀ ਲਾਲ ਸਿੰਘ ਦਿਲ ਦੇ ਜਨਮ ਦਿਹਾੜੇ 'ਤੇ ਸਮਾਗਮ

ਜਲੰਧਰ (ਰਜੇਸ਼ ਥਾਪਾ)- 11 ਅਪ੍ਰੈਲ 1943 ਨੂੰ ਮਾਂ ਚਿੰਤ ਕੌਰ, ਪਿਤਾ ਰੌਣਕੀ ਰਾਮ ਦੇ ਘਰ ਕੋਗ ਮੁਹੱਲਾ ਸਮਰਾਲਾ ਵਿਖੇ ਜਨਮੇ ਲਾਲ ਸਿੰਘ ਦਿਲ ਦੇ ਜਨਮ ਦਿਹਾੜੇ 'ਤੇ ਦੇਸ਼ ਭਗਤ ਯਾਦਗਾਰ ਹਾਲ 'ਚ ਲਾਲ ਸਿੰਘ ਦਿਲ ਦੀ ਸਵੈ-ਜੀਵਨੀ ਅਤੇ ਕਾਵਿ ਰਚਨਾ ਸੰਸਾਰ ਬਾਰੇ ਬਹੁਤ ਹੀ ਸੰਜ਼ੀਦਾ ਵਿਚਾਰਾਂ ਹੋਈਆਂ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਲਾਲ ਸਿੰਘ ਦਿਲ ਨੂੰ ਉਬਲਦੇ ਲੋਹੇ ਦੀ ਕੁਠਾਲੀ 'ਚੋਂ ਕੁੰਦਨ ਬਣਕੇ ਨਿਕਲਿਆ ਕਵੀ ਦੱਸਿਆ। ਉਹਨਾਂ ਕਿਹਾ ਕਿ 1971-72 ਦੇ ਦੌਰ 'ਚ ਅਸੀਂ ਭੱਠਿਆਂ 'ਤੇ ਜਾ ਕੇ ਲਾਲ ਸਿੰਘ ਦਿਲ ਅਤੇ ਗੁਰਦਾਸ ਰਾਮ ਆਲਮ ਦੀਆਂ ਨਜ਼ਮਾਂ ਸੁਣਾਇਆ ਕਰਦੇ ਤਾਂ ਮਜ਼ਦੂਰਾਂ ਦੇ ਚਿਹਰਿਆਂ ਉਪਰ ਚਿੰਤਨ ਅਤੇ ਵਿਦਰੋਹ ਦੀਆਂ ਤਰੰਗਾਂ ਸਾਫ਼ ਪੜ੍ਹੀਆਂ ਜਾਂਦੀਆਂ। ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਆਪਣੇ ਸੀਰੀ ਰਲ਼ੇ ਬਾਪ ਕੋਲ ਖੇਤ ਗਏ ਬਚਪਨ ਉਮਰ ਦੇ ਲਾਲ ਸਿੰਘ ਦਿਲ ਦੇ ਪਿੰਡੇ 'ਤੇ ਜਾਗੀਰੂ ਹੌਂਕੜ 'ਚ ਗ੍ਰਸੇ ਚੌਧਰੀ ਵੱਲੋਂ ਮਾਰੀਆਂ ਛਮਕਾਂ ਉਸਦੀ ਇਨਕਲਾਬੀ ਕਵਿਤਾ ਦੇ ਸਿਆੜ ਹੋ ਨਿਬੜੀਆਂ। ਅਮੋਲਕ ਸਿੰਘ ਨੇ ਕਿਹਾ ਕਿ ਇਨਕਲਾਬੀ ਕਵੀ ਲਾਲ ਸਿੰਘ ਦਿਲ, ਉਦਾਸੀ ਅਤੇ ਪਾਸ਼ ਲੋਕ ਸਰੋਕਾਰਾਂ ਅਤੇ ਲੋਕ ਮੁਕਤੀ ਦੇ ਕਾਜ਼ ਨੂੰ ਪ੍ਰਨਾਈ ਇੱਕ ਜ਼ਿੰਦ ਇੱਕ ਜਾਨ ਕਵਿਤਾ ਦਾ ਨਾਮ ਹੈ, ਸਾਨੂੰ ਅਜੋਕੇ ਸਮੇਂ ਅੰਦਰ ਇਸ ਤੋਂ ਰੌਸ਼ਨੀ ਲੈਂਦਿਆਂ ਚੌਤਰਫ਼ੀ ਹਨੇਰਗਰਦੀ ਦੇ ਹਨੇਰ ਨੂੰ ਲੰਗਾਰ ਕਰਨ ਦੀ ਲੋੜ ਹੈ।

ਕਮੇਟੀ ਮੈਂਬਰ ਦੇਵ ਰਾਜ ਨਯੀਅਰ, ਸੁਰਿੰਦਰ ਕੁਮਾਰੀ ਕੋਛੜ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਧਰਤੀ ਦੇ ਦਿਲ 'ਤੇ ਲਿਖੀ ਦਿਲ ਦੀ ਕਵਿਤਾ ਸਦਾ ਨਾਬਰੀ, ਸੰਗਰਾਮ ਅਤੇ ਲੋਕ ਮੁਕਤੀ ਦੀ ਪ੍ਰਤੀਕ ਬਣਕੇ ਜਗਦੀ ਰਹੇਗੀ। ਪਰਮਜੀਤ ਕਲਸੀ ਨੇ ਕਿਹਾ ਕਿ ਲਾਲ ਸਿੰਘ ਦਿਲ ਦੀ ਕਵਿਤਾ ਤਰਕਸੰਗਤ, ਵਿਗਿਆਨਕ ਅਤੇ ਸਮਾਜ ਨੂੰ ਬਦਲ ਦਿਓ ਦਾ ਪੈਗਾਮ ਦਿੰਦੀ ਕਵਿਤਾ ਹੈ। ਇਸ ਸਮਾਗਮ 'ਚ ਲਾਲ ਸਿੰਘ ਦਿਲ ਦੀਆਂ ਵੰਨ-ਸੁਵੰਨੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਅਤੇ ਉਹਨਾਂ ਦੀ ਪ੍ਰਸੰਗਿਕਤਾ ਅਤੇ ਭਵਿੱਖ ਵਿੱਚ ਸਾਰਥਕਤਾ ਉੱਪਰ ਵੀ ਚਰਚਾ ਹੋਈ।

ਮੁਸਲਿਮ ਭਾਈਚਾਰੇ ਵੱਲੋਂ ਸ਼ਾਹੀ ਇਮਾਮ ਦੇ ਬੇਟੇ ਸ਼ਾਹ ਮੁਹੰਮਦ ਦਾ ਸਨਮਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਇੱਥੋਂ ਨਜ਼ਦੀਕੀ ਪਿੰਡ ਖੈਰੜ-ਅੱਛਰਵਾਲ ਦੀ ਮਸਜਿਦ ਅੱਬੂਬਕਰ ਵਿਖੇ ਸ਼ਾਹੀ ਇਮਾਮ ਪੰਜਾਬ ਮੌਲਾਨਾ ਉਸਮਾਨ ਰਹਿਮਾਨ ਲੁਧਿਆਣਵੀ ਦੇ ਸਾਹਿਬਜ਼ਾਦਾ ਸ਼ਾਹ ਮੁਹੰਮਦ ਦਾ ਮਸਜਿਦ ਵਿਚ ਪਹੁੰਚਣ 'ਤੇ ਮੁਸਲਿਮ ਭਾਈਚਾਰੇ ਵਲੋਂ ਫੁੱਲਾਂ ਦੇ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ ।ਉਨ੍ਹਾਂ ਮੁਸਲਿਮ ਭਾਈਚਾਰੇ ਨਾਲ ਨਮਾਜ਼ ਅਦਾ ਕੀਤੀ ਤੇ ਸਰਬੱਤ ਦੇ ਭਲੇ ਲਈ ਦੁਆ ਕੀਤੀ ।ਇਸ ਮੌਕੇ ਮਸਜਿਦ ਦੇ ਇਮਾਮ ਹਾਫ਼ਿਜ਼ ਇਨਾਮਲ ਹੱਕ ,ਮੁਹੰਮਦ ਅਸਗਰ,ਇਰਫਾਨ ਖਾਨ ਕੋਟ ਫਤੂਹੀ,ਬਹਾਦਰ ਖਾਨ , ਮੁਹੰਮਦ ਅਹਿਮਦ ,ਆਰੀਅਨ,ਤਨਜੀਜ ਮੁਹੰਮਦ ,ਦਿਲਮੀਰ ਮੁਹੰਮਦ ,ਮੁਹੰਮਦ ਰਫੀਕ,ਨਜਾਕਤ ਅਲੀ,ਸ਼ਾਹ ਨਵਾਜ,ਗੁਲਜਾਰ ਮੁਹੰਮਦ ,ਆਰਿਫ਼ ਮੁਹੰਮਦ ,ਏ.ਐਸ.ਆਈ .ਹਰਭਜਨ ਸਿੰਘ ਟੇਰਕੀਆਣਾ,ਨੂਰ ਮੁਹੰਮਦ, ਮੁਹੰਮਦ ਉਸਮਾਨ ਅਲੀ,ਰਫੀ ਮੁਹੰਮਦ ਆਦਿ ਮੁਸਲਿਮ ਭਾਈਚਾਰੇ ਦੇ ਲੋਕ ਹਾਜ਼ਰ ਸਨ।

ਇੱਕ ਰੋਜ਼ਾ ਕ੍ਰਿਕਟ ਟੂਰਨਾਮੈਂਟ ਦਾ ਮੂਨਕ ਨੇ ਕੀਤਾ ਉਦਘਾਟਨ

ਟਾਂਡਾ, (ਉਂਕਾਰ ਸਿੰਘ ਜਸਵਿੰਦਰ ਸੰਧੂ)-ਫਰੈਂਡਜ ਕਲੱਬ ਮੂਨਕਾਂ ਵੱਲੋ ਇੱਕ ਰੋਜ਼ਾ ਕ੍ਰਿਕਟ ਟੂਰਨਾਮੈਂਟ ਦਾਣਾ ਮੰਡੀ ਟਾਂਡਾ ਦੀ ਗਰਾਊਂਡ ਵਿੱਚ ਬੜੇ ਉਤਸ਼ਾਹ ਨਾਲ ਸ਼ੁਰੂ ਕੀਤਾ ਗਿਆ ।ਜਿਸ ਵਿੱਚ ਇਲਾਕੇ ਦੀਆਂ ਨਾਮਵਰ 12 ਕ੍ਰਿਕਟ ਟੀਮਾਂ ਨੇ ਭਾਗ ਲਿਆ।ਇਸ ਮੌਕੇ ਇਸ ਟੂਰਨਾਮੈਂਟ ਦਾ ਵਿਸ਼ੇਸ਼ ਤੌਰ 'ਤੇ ਉਦਘਾਟਨ ਕਰਨ ਪਹੁੰਚੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹੁਸ਼ਿਆਰਪੁਰ ਤੇ ਨੌਜਵਾਨ ਦਲਿਤ ਆਗੂ ਸੁਖਵਿੰਦਰ ਸਿੰਘ ਮੂਨਕ ਨੇ ਨੌਜਵਾਨਾਂ ਨੂੰ ਵਧਾਈ ਦਿੰਦਿਆਂ ਨੌਜਵਾਨਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਨੌਜਵਾਨੀ ਨੂੰ ਸਾਂਭਣ ਲਈ ਇਹੋ ਜਿਹੇ ਟੂਰਨਾਮੈਂਟ ਕਰਾਉਣੇ ਬਹੁਤ ਜ਼ਰੂਰੀ ਹਨ ਜਿਸ ਨਾਲ ਨਵੀ ਨੌਜਵਾਨ ਪੀੜ੍ਹੀ ਵਿੱਚ ਉਤਸ਼ਾਹ ਪੈਦਾ ਹੁੰਦਾ ਹੈ।ਉਹਨਾਂ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਉਨ੍ਹਾਂ 3100 ਰੁਪਏ ਪ੍ਰਬੰਧਕਾਂ ਨੂੰ ਭੇਟ ਕੀਤੇ।ਇਸ ਮੌਕੇ ਪ੍ਰਬੰਧਕਾਂ ਨੇ ਸੁਖਵਿੰਦਰ ਸਿੰਘ ਮੂਨਕ ਦਾ ਧੰਨਵਾਦ ਕਰਦਿਆਂ ਵਿਸ਼ੇਸ਼ ਸਨਮਾਨ ਕੀਤਾ ਤੇ ਕਿਹਾ ਕਿ ਸਾਨੂੰ ਸੁਖਵਿੰਦਰ ਸਿੰਘ ਮੂਨਕ 'ਤੇ ਮਾਣ ਹੈ ਜੋ ਹਮੇਸ਼ਾ ਨੌਜਵਾਨਾਂ ਦੀ ਹੌਸਲਾ ਅਫਜਾਈ ਲਈ ਅੱਗੇ ਹੋ ਕੇ ਯੋਗਦਾਨ ਪਾਉਂਦੇ ਹਨ।ਇਸ ਮੌਕੇ ਪ੍ਰਬੰਧਕ ਪ੍ਰਦੀਪ ਸਿੰਘ ਦੀਪੂ,ਅਮਰਜੀਤ ਸਿੰਘ, ਕਿਰਪਾਲ ਸਿੰਘ ਜਾਜਾ,ਮਨਦੀਪ ਸਿੰਘ,ਲੱਖੀ,ਤਨੂੰ,ਲਾਡੀ,ਸਾਬੀ,ਵਿਜੈ,ਜੱਸੀ,ਘੋਲਾ,ਬਾਈ,ਰੋਹਿਤ,ਕਾਕਾ,ਨਿੱਕਾ,ਅਮਨ,ਕਰਮਜੀਤ,ਪਟਵਾਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

ਨੇਕੀ ਦੀ ਦੁਕਾਨ ਨੇ ਹੁਸ਼ਿਆਰ ਬੱਚਿਆਂ ਨੂੰ ਕੀਤਾ ਸਨਮਾਨਤ

ਕਰਤਾਰਪੁਰ : (ਹਰਮੇਸ਼ ਦੱਤ) : ਸਮਾਜ ਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਸਰਕਾਰੀ ਮਿਡਲ ਸਮਾਰਟ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ, ਪੰਡੋਰੀ ਅਰਾਈਆਂ ਦੇ ਸਾਲ 2023-24 ਪਹਿਲੀ ਸ਼੍ਰੇਣੀ ਤੋਂ ਅੱਠਵੀਂ ਸ਼੍ਰੇਣੀ ਤੱਕ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ 24 ਵਿਦਿਆਰਥੀਆਂ ਨੂੰ ਲੋੜੀਂਦੀ ਸਟੇਸ਼ਨਰੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਫਰੂਟ ਵੀ ਵੰਡਿਆ ਗਿਆ। ਸਕੂਲ ਕੈਂਪਸ ਵਿੱਚ ਫਲਦਾਰ ਅਤੇ ਛਾਂਦਾਰ ਪੌਦੇ ਵੀ ਲਗਾਏ ਗਏ। ਸਕੂਲ ਸਟਾਫ਼ ਵੱਲੋਂ ਵਾਤਾਵਰਣ ਸੰਭਾਲ ਲਈ ਪਾਏ ਜਾ ਰਹੇ ਸਹਿਯੋਗ ਲਈ ਸੰਸਥ ਨੇਕੀ ਦੀ ਦੁਕਾਨ ਕਰਤਾਰਪੁਰ ਦੇ ਮਾਸਟਰ ਅਮਰੀਕ ਸਿੰਘ ਵੱਲੋਂ ਸਾਰੇ ਸਟਾਫ਼ ਮੈਂਬਰਾਂ ਦੀ ਸ਼ਲਾਘਾ ਕੀਤੀ ਗਈ ਅਤੇ ਇਸ ਲਈ ਹਰ ਸਹਿਯੋਗ ਦੇਣ ਦਾ ਸਟਾਫ਼ ਨੂੰ ਵਿਸ਼ਵਾਸ ਦਿਵਾਇਆ। ਇਸ ਮੌਕੇ ਪਿਆਰਾ ਸਿੰਘ ਵੱਲੋਂ ਦੋਵਾਂ ਸਕੂਲਾਂ ਦੇ ਵਿਦਿਆਰਥੀਆਂ ਲਈ 1000 ਰੁਪਏ ਪ੍ਰਤੀ ਸਕੂਲ ਵੀ ਦਿੱਤਾ ਗਿਆ ।ਇਸ ਮੌਕੇ ਸਕੂਲ ਮੁੱਖੀ ਸੁਰਿੰਦਰਜੀਤ ਸਿੰਘ, ਗੁਰਪ੍ਰੀਤ ਸਿੰਘ, ਵਤਿੰਦਰ ਕਾਲੀਆ, ਸਤਨਾਮ ਸਿੰਘ, ਮੈਡਮ ਬਲਜਿੰਦਰ ਕੌਰ, ਜਸਪਾਲ ਕੌਰ, ਗੁਰਪ੍ਰੀਤ ਕੌਰ , ਸਰਬਜੀਤ ਸਿੰਘ, ਪਿਆਰਾ ਸਿੰਘ ਅਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

ਮੈਸੀ ਫਰਗਿਊਸ਼ਨ ਟਰੈਕਟਰ ਏਜੰਸੀ ਦੀ ਜ਼ਿਲਾ ਪੱਧਰੀ ਡੀਲਰਸ਼ਿਪ ਦਾ ਉਦਘਾਟਨ

ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ) —ਇਥੇ ਤਲਵੰਡੀ ਚੌਧਰੀਆਂ ਰੋਡ 'ਤੇ ਉੱਘੇ ਸਮਾਜ ਸੇਵੀ ਅਤੇ ਨਾਮਵਰ ਕਿਸਾਨ ਆੜ੍ਹਤੀ ਕਮਲਜੀਤ ਸਿੰਘ ਹੈਬਤਪੁਰ, ਬਲਬੀਰ ਸਿੰਘ ਗਾਜੀਪੁਰ ਵੱਲੋਂ ਖੋਹਲੀ ਗਈ ਮੈਸੀ ਫ਼ਰੂਸ਼ਨ ਟਰੈਕਟਰ ਏਜੰਸੀ ਦੀ ਜ਼ਿਲ੍ਹਾ ਪੱਧਰੀ ਡੀਲਰਸ਼ਿਪ ਦਾ ਉਦਘਾਟਨ ਕੀਤਾ ਗਿਆ ।ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਹਰਜਿੰਦਰ ਸਿੰਘ ਨੇ ਗੁਰਬਾਣੀ ਦਾ ਪਾਠ ਕੀਤਾ ਤੇ ਨਾਮ ਸਿਮਰਨ ਕਰਵਾਇਆ ਤੇ ਉਪਰੰਤ ਨਵੀਂ ਟਰੈਕਟਰ ਏਜੰਸੀ ਐੱਮ ਐੱਡ ਐੱਨ ਦੇ ਉਦਘਾਟਨ ਮੌਕੇ ਚੜ੍ਹਦੀਕਲਾ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਇਸ ਸਮੇਂ ਬਾਬਾ ਜਸਪਾਲ ਸਿੰਘ ਵਿਸ਼ੇਸ਼ ਤੌਰ 'ਤੇ ਹਾਜਰ ਹੋਏ ਅਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੱਤੀ । ਉਨ੍ਹਾਂ ਕਿਹਾ ਕਿ ਨਵੀਂ ਤਕਨੀਕ ਦੇ ਟਰੈਕਟਰ ,ਮਸ਼ੀਨਰੀ ਆਉਣ ਕਾਰਨ ਇਲਾਕਾ ਹੋਰ ਖੁਸ਼ਹਾਲ ਹੋਵੇਗਾ ।ਉਪਰੰਤ ਮੈਸੀ ਫ਼ਰੂਸ਼ਣ ਟਰੈਕਟਰ ਏਜੰਸੀ ਦੇ ਦੋਵੇਂ ਭਾਈਵਾਲਾਂ ਵੱਲੋਂ ਉਦਘਾਟਨੀ ਸਮਾਗਮ ਉਪਰੰਤ ਇਲਾਕੇ ਦੇ ਆਏ ਕਿਸਾਨਾਂ ਨੂੰ ਜੀ ਆਇਆਂ ਨੂੰ ਕਿਹਾ ।

ਇਸ ਸਮੇਂ ਮੈਸੀ ਫ਼ਰੂਸ਼ਨ ਕੰਪਨੀ ਦੇ ਸੀਨੀਅਰ ਡੀ.ਜੀ.ਐਮ. ਪੰਜਾਬ ਇਕਬਾਲ ਸਿੰਘ ਸਾਹੀ , ਸਰਵਿਸ ਹੈੱਡ ਸੰਦੀਪ ਸਿੰਘ , ਸੀਨੀਅਰ ਏਰੀਆ ਮੈਨੇਜਰ ਵਿੱਕੀ ਭਾਰਤਵਾਜ , ਸੀਨੀਅਰ ਸਰਵਿਸ ਏਰੀਆ ਮੈਨੇਜਰ ਹਰਪ੍ਰੀਤ ਸਿੰਘ , ਅਸਿਸਟੈਟ ਏਰੀਆ ਮੈਨੇਜਰ ਸੁਨੀਲ ਸ਼ਰਮਾ ਨੇ ਸ਼ਿਰਕਤ ਕੀਤੀ ।

ਉਦਘਾਟਨੀ ਸਮਾਗਮ ਮੌਕੇ ਹੀ 6 ਕਿਸਾਨਾਂ ਨੇ 75 ਹਜਾਰ ਰੁਪਏ ਦੀ ਵਿਸ਼ੇਸ਼ ਛੋਟ ਦਾ ਲਾਭ ਉਠਾਉਂਦੇ ਹੋਏ 6 ਟਰੈਕਟਰ ਪ੍ਰਾਪਤ ਕੀਤੇ ਤੇ 11 ਹੋਰ ਕਿਸਾਨਾਂ ਵੱਲੋਂ ਨਵੇਂ ਮਾਡਲ ਟਰੈਕਟਰ ਦੀ ਬੁਕਿੰਗ ਕਰਵਾਈ ਗਈ ।

ਇਸ ਸਮੇ ਚਾਹ ,ਪਕੌੜੇ, ਕੌਫੀ ਦੇ ਗੁਰੂ ਕੇ ਅਤੁੱਟ ਲੰਗਰ ਲਗਾਏ ਗਏ ।ਸਮਾਗਮ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ , ਇੰਜ. ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ, ਬਲਵਿੰਦਰ ਸਿੰਘ ਸਾਬਕਾ ਸਰਪੰਚ ਖੁਰਦਾਂ , ਦੀਪਕ ਧੀਰ ਰਾਜੂ ਪ੍ਰਧਾਨ ਨਗਰ ਕੌਂਸਲ ਸੁਲਤਾਨਪੁਰ ਲੋਧੀ, ਸੁਰਿੰਦਰ ਸਿੰਘ ਮੁਲਤਾਨੀ ਕੈਸ਼ੀਅਰ ਬੈਂਕ, ਮਨਦੀਪ ਸਿੰਘ ਖਿੰਡਾ ,ਭਜਨ ਸਿੰਘ ਫੌਜੀ ਕਾਲੋਨੀ ਸਾਬਕਾ ਸਰਪੰਚ , ਰਣਜੀਤ ਸਿੰਘ ਬਿੰਦ ,ਰਨਜੋਧ ਸਿੰਘ, ਚੇਅਰਮੈਨ ਹਰਚਰਨ ਸਿੰਘ ਬੱਗਾ , ਦਵਿੰਦਰ ਸਿੰਘ ਸਰਪੰਚ ਮੋਵਾ ਸਿੰਘ ਵਾਲਾ, ਮਾਸਟਰ ਬੂਟਾ ਸਿੰਘ ਚੁਲੱਧਾ, ਸਤਪਾਲ ਮਨਚੰਦਾ, ਰੰਮੀ ਗੁਪਤਾ ,ਆੜਤੀ ਬਲਦੇਵ ਸਿੰਘ ਮੰਗਾ, ਆੜਤੀ ਰਾਮ ਸਿੰਘ ਪਰਮਜੀਤਪੁਰ, ਸੁਖਦੇਵ ਸਿੰਘ, ਸੂਰਤ ਸਿੰਘ ਗਾਜੀਪੁਰ ,ਜਥੇਦਾਰ ਸੰਤਾ ਸਿੰਘ ਜੱਬੋ ਸੁਧਾਰ, ਬਲਜਿੰਦਰ ਸਿੰਘ ਸ਼ੇਖ, ਤਰਸੇਮ ਸਿੰਘ ਰਣਧੀਰਪੁਰ, ਪਰਮਜੀਤ ਸਿੰਘ ਸਰਪੰਚ ਆਦਿ ਹਜਾਰਾਂ ਵਿਅਕਤੀਆਂ ਨੇ ਸ਼ਿਰਕਤ ਕੀਤੀ ।

ਰੋਜ਼ਾ ਸ਼ਰੀਫ਼ ਮੰਢਾਲੀ ਵਿਖੇ ਈਦ ਦਾ ਤਿਉਹਾਰ ਮਨਾਇਆ

ਬੰਗਾ (ਅਵਤਾਰ ਕਲੇਰ) ਰੌਜਾ ਸ਼ਰੀਫ਼ ਮੰਢਾਲੀ ਵਿਖੇ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਅਗਵਾਈ ਹੇਠ ਈਦ-ਉਲ-ਫ਼ਿਤਰ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਨਵਾਜ਼ ਅਦਾ ਕੀਤੀ ਗਈ। ਕੁਲ ਲੋਕਾਈ ਦੇ ਭਲੇ ਲਈ ਦੁਆ ਕੀਤੀ ਗਈ। ਮੁਸਲਿਮ ਭਾਈਚਾਰੇ ਅਤੇ ਸੰਗਤਾਂ ਵਲੋਂ ਇੱਕ- ਦੂਜੇ ਦੇ ਗਲੇ ਲੱਗ ਕੇ ਈਦ ਦੀਆਂ ਮੁਬਾਰਕਾਂ ਦਿੱਤੀਆਂ। ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਨੇ ਸੰਗਤਾਂ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ। ਉਹਨਾਂ ਸੰਗਤਾਂ ਨੂੰ ਉਪਦੇਸ਼ ਦਿੰਦਿਆਂ ਕਿਹਾ ਕਿ ਪਰਮਾਤਮਾ ਨੂੰ ਹਮੇਸ਼ਾ ਯਾਦ ਰੱਖੋ , ਸਾਰੇ ਧਰਮਾਂ ਦਾ ਸਤਿਕਾਰ ਕਰੋ ਅਤੇ ਸਾਨੂੰ ਆਪਸ ਵਿੱਚ ਰਲਮਿਲ ਕੇ ਰਹਿਣਾ ਚਾਹੀਦਾ ਹੈ। ਇਸ ਮੌਕੇ ਬਾਬਾ ਬਿੱਲੇ ਸ਼ਾਹ ਫਗਵਾੜਾ, ਮੌਲਵੀ ਡਾ. ਹਾਫੀਜ਼ ਸ਼ਾਹਿਦ , ਮੁਹੰਮਦ ਆਸ਼ਿਕ ਨੀਲਾ, ਕਰਮ ਅਲੀ ਕੁਲਥਮ, ਕੁਲਰਾਜ ਮੁਹੰਮਦ, ਡਾ. ਜਗਦੀਸ਼ ਮੁਹੰਮਦ, ਨੂਰ ਮੁਹੰਮਦ, ਰਿਆਜ਼ ਅਲੀ, ਮੁਹੰਮਦ ਇਆਨ, ਮੁਹੰਮਦ ਆਰਿਫ਼, ਲਿਆਕਤ ਅਲੀ, ਕਮਲ ਹੁਸੈਨ, ਲਵਦੀਪ ਮੁਹੰਮਦ ਫਰਾਲਾ, ਸ਼ਰਨਜੀਤ ਹੁਸੈਨ, ਡਾ. ਸਤਨਾਮ ਪਰਸੋਵਾਲ, ਚਰਨਜੀਤ, ਗੋਰਾ ਚੱਕ ਪ੍ਰੇਮਾ, ਸੋਨੂੰ ਜੱਸੋਮਜਾਰਾ, ਜੈ ਪਾਲ ਖੋਥੜਾਂ, ਪੀਟਾ ਕੁਲਥਮ, ਪੱਪੀ ਅਨੀਹਰ, ਹਰਪ੍ਰੀਤ ਜੱਖੂ, ਜੀਤਾ ਆਦਿ ਹਾਜ਼ਰ ਸਨ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਦੀ ਯਾਦ 'ਚ ਸਾਲਾਨਾ ਕ੍ਰਿਕਟ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਆਰੰਭ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਇਤਿਹਾਸਿਕ ਪਿੰਡ ਭੁੰਗਰਨੀ ਵਿਖੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਕ੍ਰਿਕਟ ਸਪੋਰਟਸ ਕਲੱਬ ਵੱਲੋਂ ਸਲਾਨਾ ਕ੍ਰਿਕਟ ਟੂਰਨਾਮੈਂਟ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ 10 ਅਪ੍ਰੈਲ ਤੋਂ 18 ਅਪ੍ਰੈਲ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਮੁੱਖ ਪ੍ਰਬੰਧਕ ਅਮਨਦੀਪ ਸਿੰਘ ਗਿਰਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮਹਿਮਾਨ ਬਾਬਾ ਦੀਪਾ ਅਤੇ ਪਿੰਡ ਦੇ ਪਤਵੰਤੇ ਸੱਜਣ ਕ੍ਰਿਕਟ ਟੂਰਨਾਮੈਂਟ ਦਾ ਅਰਦਾਸ ਹੋਣ ਤੋਂ ਬਾਅਦ ਰੀਬਨ ਕੱਟ ਕੇ ਉਦਘਾਟਨ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਇਸ ਕ੍ਰਿਕਟ ਟੂਰਨਾਮੈਂਟ ਵਿੱਚ ਪੰਜਾਬ ਦੀਆ ਨਾਮਵਰ 64 ਟੀਮਾ ਹਿੱਸਾ ਲੈਣਗੀਆ। ਉਨ੍ਹਾਂ ਦੱਸਿਆ ਕਿ ਉਦਘਾਟਨੀ ਮੈਚ ਨਰੂੜ ਅਤੇ ਖੰਨੌੜਾ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਿੰਡ ਨਰੂੜ ਦੀ ਟੀਮ ਜੇਤੂ ਰਹੀ।ਉਨ੍ਹਾਂ ਕਿਹਾ ਹੈ ਕਿ ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 25000 ਰੁਪਏ, ਦੂਜੇ ਸਥਾਨ 'ਤੇ ਆਉਣ ਵਾਲੇ ਟੀਮ ਨੂੰ 17000 ਰੁਪਏ, ਤੀਜੇ ਸਥਾਨ 'ਤੇ ਆਉਣ